# ਯੁੱਗ ਪੁਰਸ਼
# ਭਗਤ ਪੂਰਨ ਸਿੰਘ ਜੀ

ਪ੍ਰਸਿੱਧ ਲੇਖਕਾਂ ਦੀਆਂ ਨਜ਼ਰਾਂ ਵਿਚ


*ਪ੍ਰਕਾਸ਼ਕ*

**ਡਾ. ਇੰਦਰਜੀਤ ਕੌਰ**

ਮੁੱਖ ਸੇਵਿਕਾ,

**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ(ਰਜਿ.)**

ਅੰਮ੍ਰਿਤਸਰ



ਯੁੱਗ ਪੁਰਸ਼ ਭਗਤ ਪੂਰਨ ਸਿੰਘ ਜੀ

ਜੂਨ 2017 ਨੂੰ ਛਪੀ-10,000
ਹੁਣ ਤਕ ਕੁੱਲ ਛਪੀਆਂ -150,000

**ਪ੍ਰਕਾਸ਼ਕ : ਡਾ: ਇੰਦਰਜੀਤ ਕੌਰ**
ਪ੍ਰਧਾਨ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ(ਰਜਿ:)
ਅੰਮ੍ਰਿਤਸਰ ।
ਫ਼ੋਨ : 0183-2584713, 2584586

E-mail : Pingalwara57@gmail.com
Website: www.pingalwara.org

**ਭੇਟਾ ਰਹਿਤ**

ਛਾਪਕ :
ਪੂਰਨ ਪ੍ਰਿੰਟਿੰਗ ਪ੍ਰੈਸ, (ਮਾਨਾਂਵਾਲਾ ਕੰਪਲੈਕਸ),
ਪਿੰਗਲਵਾੜਾ ਅੰਮ੍ਰਿਤਸਰ ।

## ਤਤਕਰਾ


* ਦੋ ਸ਼ਬਦ V
* ਭਗਤ ਪੂਰਨ ਸਿੰਘ ਜੀ 1
* ਭਗਤ ਪੂਰਨ ਸਿੰਘ-ਇਕ ਸੰਤ ਸੇਵਕ 16
* ਮਨੁੱਖਤਾ ਦਾ ਸੇਵਾਦਾਰ ਇਕ ਅਲਬੇਲਾ ਸਾਧੂ— ਭਗਤ ਪੂਰਨ ਸਿੰਘ 20
* ਭਗਤ ਪੂਰਨ ਸਿੰਘ : ਗਰਭ ਤੋਂ ਗੋਰ ਤਕ 24
* ਰੱਬ ਵਰੋਸਾਏ ਭਗਤ ਜੀ 34
* ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇ ਦੀਦਾਵਰ ਪੈਦਾ 37
* ਭਗਤ ਪੂਰਨ ਸਿੰਘ ਮਹਾਨ (ਕਵਿਤਾ ) 39
* ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ 40


"ਭਗਤ ਪੂਰਨ ਸਿੰਘ ਉਨ੍ਹਾਂ ਵਿਅਕਤੀਆਂ ਵਿੱਚੋਂ ਹੈ, ਜਿਨ੍ਹਾਂ ਦਾ ਵਿਸ਼ਵਾਸ ਹੈ ਕਿ ਮਨੁੱਖ ਦੀ ਮਹਾਨਤਾ ਇਸ ਵਿੱਚ ਹੈ ਕਿ ਉਹ ਨਿਤਾਣੇ ਤੇ ਲਾਚਾਰ ਬੰਦਿਆਂ ਨੂੰ ਜਿਊਣ ਜੋਗਾ ਬਣਾਵੇ । ਇਸ ਪੱਖੋਂ ਵੀ ਭਗਤ ਪੂਰਨ ਸਿੰਘ ਮਹਾਨ ਸੀ । ਸਮਾਜ ਤੇ ਮਨੁੱਖ-ਮਾਤਰ ਦੇ ਕਲਿਆਣ ਲਈ ਉਸ ਦਾ ਯੋਗਦਾਨ ਬੜਾ ਉਸਾਰੂ ਸੀ ; ਕਿਉਂਕਿ ਉਹ ਕੇਵਲ ਸਿਧਾਂਤ ਹੀ ਨਹੀਂ ਸੀ ਪ੍ਰਚਾਰਦਾ ਸਗੋਂ ਅਮਲੀ ਤੌਰ 'ਤੇ ਕੁਝ ਕਰਕੇ ਵੀ ਵਿਖਾਉਂਦਾ ਸੀ ।"

**-ਕੁਲਦੀਪ ਸਿੰਘ 'ਹਉਰਾ '**

## ਦੋ ਸ਼ਬਦ

ਕੁਲਦੀਪ ਸਿੰਘ ਹਉਰਾ ਨੂੰ ਭਗਤ ਪੂਰਨ ਸਿੰਘ ਜੀ ਦੇ ਸੰਗ ਰਹਿਣ ਦਾ ਅਤੇ ਪੜ੍ਹਾਈ-ਲਿਖਾਈ ਦਾ ਕੰਮ ਇਕੱਠੇ ਕਰਨ ਦਾ ਸੁਭਾਗ ਪ੍ਰਾਪਤ ਹੈ । ਉਹਨਾਂ ਨੇ ਭਗਤ ਜੀ ਨੂੰ ਨੇੜਿਉਂ ਤੱਕਿਆ ਹੈ । ਉਹਨਾਂ ਦੇ ਅਕਾਲ ਚਲਾਣੇ ਬਾਅਦ ਹਉਰਾ ਜੀ ਨੇ ਇਕ ਲੇਖ '**ਯੁੱਗ ਪੁਰਸ਼**' ਲਿਖਿਆ ਅਤੇ ਮੈਨੂੰ ਪੜ੍ਹਾਇਆ। ਮੈਂ ਮਹਿਸੂਸ ਕੀਤਾ ਕਿ ਕੁਲਦੀਪ ਸਿੰਘ 'ਹਉਰਾ' ਨੇ ਸਮੁੰਦਰ ਨੂੰ ਕੁੱਜੇ ਵਿੱਚ ਬੰਦ ਕਰ ਦਿੱਤਾ ਹੈ, ਸੋਚਿਆ ਇਹ ਸੰਗਤਾਂ ਵਿੱਚ ਜਲਦੀ ਤੋਂ ਜਲਦੀ ਪਹੁੰਚਾਇਆ ਜਾਵੇ; ਸੋ ਉਪਰਾਲਾ ਕਰਕੇ ਇਹ ਕਿਤਾਬਚਾ ਛਪਵਾਇਆ ।

ਉਹਨਾਂ ਨੇ ਲਿਖਿਆ ਹੈ ਕਿ ਭਗਤ ਪੂਰਨ ਜੀ ਭਗਤ ਵੀ ਸਨ, ਪੂਰਨ ਵੀ ਅਤੇ ਸਿੰਘ ਵੀ ਸਨ। ਉਹਨਾਂ ਦਾ ਘਰ ਸਮੁੱਚਾ ਵਿਸ਼ਵ ਸੀ ਅਤੇ ਉਸਦਾ ਪਰਿਵਾਰ ਸਮੁੱਚਾ ਸਮਾਜ ਸੀ । ਪਿੰਗਲਵਾੜੇ ਦੇ ਰੋਗੀ ਉਸਦੀ ਸੰਤਾਨ ਸੀ ਅਤੇ ਆਪਣੀ ਸੰਤਾਨ ਲਈ ਉਹ ਕੋਈ ਵੀ ਕੁਰਬਾਨੀ ਕਰਨ ਨੂੰ ਤਿਆਰ ਸੀ, ਕਿਉਂਕਿ ਉਸਦਾ ਪਰਿਵਾਰ ਸਮੁੱਚਾ ਸਮਾਜ ਸੀ; ਇਸ ਲਈ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਸਿਹਤ ਦਾ ਫ਼ਿਕਰ ਸੀ ਜਿਹੜੀ ਕਿ ਵਾਤਾਵਰਣ ਪ੍ਰਦੂਸ਼ਣ ਨਾਲ ਖ਼ਰਾਬ ਹੁੰਦੀ ਹੈ। ਇਸ ਫ਼ਿਕਰ ਨੇ ਉਸਨੂੰ ਵਾਤਾਵਰਣ ਬਾਰੇ ਅਧਿਐਨ ਕਰਨ ਲਾ ਦਿੱਤਾ । ਉਸਨੇ ਪ੍ਰਿੰਟਿੰਗ ਪ੍ਰੈੱਸ ਲਾਈ ਅਤੇ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਜਾਗ੍ਰਿਤ ਕਰਨ ਲਈ ਸਾਰਾ-ਸਾਰਾ ਦਿਨ ਸ੍ਰੀ ਦਰਬਾਰ ਸਾਹਿਬ ਦੇ ਬੂਹੇ 'ਚ ਬੈਠ ਕੇ ਇਸ਼ਤਿਹਾਰ ਵੰਡਦਾ ਰਿਹਾ। ਉਹਦੀ ਵਿਦਵਤਾ ਅਤੇ ਯੋਗਤਾ ਬਾਰੇ ਕਿਹਾ ਜਾਂਦਾ ਹੈ ਕਿ ਜਿਵੇਂ ਚਾਰਲਸ ਡਿਕਨਜ਼ ਨੇ ਗ੍ਰੈਜੂਏਸ਼ਨ ਲੰਡਨ ਦੀਆਂ ਗਲੀਆਂ ਵਿੱਚ ਕੀਤੀ ਹੈ, ਤਿਵੇਂ ਹੀ ਭਗਤ ਪੂਰਨ ਸਿੰਘ ਨੇ ਲਾਹੌਰ ਅਤੇ ਅੰਮ੍ਰਿਤਸਰ ਦੀਆਂ ਸੜਕਾਂ 'ਤੇ 'ਮਾਸਟਰ ਆਫ਼ ਪੀਪਲਜ਼' ਦੀ ਡਿਗਰੀ ਪ੍ਰਾਪਤ ਕੀਤੀ । ਉਸਨੇ ਸ਼ਾਦੀ ਇਸ ਕਰਕੇ ਨਹੀਂ ਕੀਤੀ ਕਿ ਉਹ ਕਿਸੇ ਸੀਮਿਤ ਪਰਿਵਾਰ ਦਾ ਨਾ ਹੋ ਕੇ ਦੁੱਖੀ ਮਨੁੱਖਤਾ ਦੇ ਵਿਸ਼ਾਲ ਪਰਿਵਾਰ ਦਾ ਜੀਅ ਬਣਿਆ ਰਹੇ; ਜਿੱਥੇ ਕਿਸੇ ਧਰਮ, ਜਾਤ-ਪਾਤ, ਪ੍ਰਾਂਤ ਅਤੇ ਫਿਰਕੇ ਦਾ ਵਿਤਕਰਾ ਨਾ ਹੋਵੇ ।



ਕੁਲਦੀਪ ਸਿੰਘ ਹਉਰਾ ਅੱਗੇ ਲਿਖਦੇ ਹਨ ਕਿ ਭਗਤ ਜੀ ਦੇ ਬਚਪਨ ਬਾਰੇ ਪੁੱਛਣ 'ਤੇ ਭਗਤ ਜੀ ਵਿਸਮਾਦ ਵਿੱਚ ਚਲੇ ਜਾਂਦੇ ਸਨ । ਆਪਣੀ ਮਾਂ ਬਾਰੇ ਉਸਨੇ ਕਿਹਾ, "**ਮੇਰੀ ਮਾਂ ਇਕ ਕਲਾਕਾਰ ਸੀ, ਜਿਸਨੇ ਮੇਰੀ ਸ਼ਖ਼ਸੀਅਤ ਨੂੰ ਬੜੇ ਪਿਆਰ ਤੇ ਸ਼ਰਧਾ ਨਾਲ ਘੜਿਆ। ਉਸਨੇ ਆਪਣਾ ਸਮੁੱਚਾ ਪਿਆਰ ਅਤੇ ਰੀਝਾਂ ਮੇਰੇ ਉੱਤੋਂ ਕੁਰਬਾਨ ਕਰ ਦਿੱਤੀਆਂ ।**"

ਲੇਖਕ ਨੇ ਜਦੋਂ ਪਦਮਸ਼੍ਰੀ ਉਪਾਧੀ ਨੂੰ ਮੋੜਨ ਦੀ ਗੱਲ ਭਗਤ ਜੀ ਨੂੰ ਪੁੱਛੀ ਤਾਂ ਉਹਨਾਂ ਕਿਹਾ ਕਿ "**ਮੈਂ ਸ਼੍ਰੀ ਦਰਬਾਰ ਸਾਹਿਬ ਅਤੇ ਸ਼੍ਰੀ ਅਕਾਲ ਤਖ਼ਤ 'ਤੇ ਆਕਰਮਣ ਹੋਣ ਕਰਕੇ ਅਤੇ ਬੇਕਸੂਰ ਲੋਕਾਂ ਦੇ ਮਾਰੇ ਜਾਣ ਦੇ ਰੋਸ ਵਜੋਂ ਇਹ ਉਪਾਧੀ ਵਾਪਸ ਕੀਤੀ ਹੈ । ਮੈਨੂੰ ਸਿੱਖ ਸੰਗਤਾਂ ਵੱਲੋਂ ਮਿਲਿਆ ਅਤੇ ਮਿਲ ਰਿਹਾ ਪਿਆਰ ਅਤੇ ਸਤਿਕਾਰ ਇਹਨਾਂ ਸਾਰੀਆਂ ਉਪਾਧੀਆਂ ਆਦਿ ਤੋਂ ਉੱਪਰ ਹੈ । ਸਤਿਗੁਰੂ ਦੀ ਮਿਹਰ ਦਾ ਟਾਕਰਾ ਸੰਸਾਰਕ ਉਪਾਧੀਆਂ ਨਹੀਂ ਕਰ ਸਕਦੀਆਂ ।**"

ਲੇਖਕ ਨੇ ਭਗਤ ਜੀ ਸਿੱਖ ਕਿਵੇਂ ਬਣੇ, ਬੜੇ ਸੋਹਣੇ ਢੰਗ ਨਾਲ ਦਰਸਾਇਆ ਹੈ । ਗੁਰਦੁਆਰਿਆਂ ਦੇ ਦਰਸ਼ਨਾਂ ਤੋਂ ਭਗਤ ਜੀ ਨੂੰ ਇਹ ਅਨੁਭਵ ਹੋਇਆ ਕਿ ਇਹ ਰੱਬ ਦਾ ਉਹ ਘਰ ਹੈ ਜਿੱਥੇ ਕੋਈ ਬੇ-ਘਰ ਨਹੀਂ ਰਹਿੰਦਾ । ਗੁਰਦੁਆਰਿਆਂ ਦੇ ਸੱਭਿਆਚਾਰ ਤੋਂ ਪ੍ਰਭਾਵਿਤ ਹੋ ਕੇ ਰਾਮ ਜੀ ਦਾਸ ਤੋਂ ਪੂਰਨ ਸਿੰਘ ਬਣ ਗਿਆ ਤੇ ਗਿਆਨੀ ਕਰਤਾਰ ਸਿੰਘ ਜੀ ਨੇ ਪੂਰਨ ਸਿੰਘ ਦੇ ਨਾਂ ਦੇ ਅੱਗੇ '**ਭਗਤ**' ਸ਼ਬਦ ਲਗਾ ਕੇ **ਭਗਤ ਪੂਰਨ ਸਿੰਘ** ਬਣਾ ਦਿੱਤਾ । ਲੇਖਕ ਨੇ ਭਗਤ ਜੀ ਦੀ ਭਾਵਨਾ ਇਹਨਾਂ ਲਫ਼ਜ਼ਾਂ ਨਾਲ ਪ੍ਰਗਟਾਈ ਹੈ ਕਿ ਉਹ ਆਪਣੇ ਆਪ ਨੂੰ ਗੁਰੂ ਘਰ ਦਾ ਪਹਿਰੇਦਾਰ ਕਹਿ ਕੇ ਖ਼ੁਸ਼ ਹੁੰਦਾ ਹੈ। ਇਹੋ ਭਗਤ ਪੂਰਨ ਸਿੰਘ ਪ੍ਰਸਿੱਧ ਸਮਾਜ-ਸੇਵਕ, ਸਮਾਜ-ਸੁਧਾਰਕ, ਦੀਨ ਦੁਨੀਆਂ ਦਾ ਰਾਖਾ, ਪੀੜਿਤ ਤੇ ਰੋਗੀ ਲੋਕਾਂ ਦਾ ਮਸੀਹਾ, ਅਨਾਥ ਬੱਚਿਆਂ ਦਾ ਸਹਾਰਾ ਤੇ ਔਰਤਾਂ ਨੂੰ ਪਿਤਰੀ ਪਿਆਰ ਦੇਣ ਵਾਲਾ ਭਗਤ ਪੂਰਨ ਸਿੰਘ, ਬਾਨੀ ਪਿੰਗਲਵਾੜਾ ਅੰਮ੍ਰਿਤਸਰ ਬਣਿਆ ।

ਕੁਲਦੀਪ ਸਿੰਘ ਹਉਰਾ ਜੀ ਇਸ ਦੁਨੀਆਂ 'ਤੇ ਨਹੀਂ ਰਹੇ, ਪਰ ਜਿਸ ਖ਼ੂਬਸੂਰਤ ਢੰਗ ਨਾਲ ਉਹਨਾਂ ਨੇ ਇਹ ਲੇਖ ਲਿਖਿਆ ਹੈ ਉਸ ਨਾਲ ਉਹ ਅਮਰ ਹੋ ਗਏ ਹਨ । ਕੁਝ ਹੋਰ ਲੇਖ ਇਸ ਕਿਤਾਬਚੇ ਵਿੱਚ ਸ਼ਾਮਲ ਕੀਤੇ ਹਨ । ਪਹਿਲੀ ਵਾਰ ਜਦੋਂ ਇਹ ਕਿਤਾਬਚਾ ਛਾਪਿਆ ਸੀ ਤਾਂ ਸਿਰਫ਼ ਦੋ ਹੋਰ ਵਿਦਵਾਨਾਂ ਦੇ ਹੀ ਲੇਖ ਇਸ ਕਿਤਾਬਚੇ ਵਿੱਚ ਪਾਏ ਸਨ, ਇਕ ਸ.ਮੁਬਾਰਕ ਸਿੰਘ ਦਾ ਲਿਖਿਆ ਹੋਇਆ ਹੈ ਅਤੇ ਦੂਜਾ ਡਾ:ਮਾਨ ਸਿੰਘ ਨਿਰੰਕਾਰੀ ਦਾ । ਦੋਨਾਂ ਦਾ ਭਗਤ ਜੀ ਨਾਲ ਪਿਆਰ ਸੀ ਅਤੇ ਦੋਨੋਂ ਹੀ ਸੱਚੇ-ਸੁੱਚੇ ਕਿਰਦਾਰ

ਦੇ ਮਾਲਕ ਸਨ। ਇਹਨਾਂ ਦੋਹਾਂ ਨੇ ਨਿਸ਼ਕਾਮ ਸੇਵਾ ਵਿੱਚ ਹਿੱਸਾ ਪਾਇਆ, ਭਗਤ ਜੀ ਦੀ ਮਦਦ ਕੀਤੀ ਅਤੇ ਨਾਮਣਾ ਖੱਟਿਆ ਹੈ ।

ਇਕ ਲੇਖ ਪੰਜਾਬ ਦੇ ਪ੍ਰਸਿੱਧ ਵਿਦਵਾਨ ਖੋਜੀ ਕਾਫ਼ਿਰ ਜੀ ਨੇ ਮੈਨੂੰ ਦਿੱਤਾ ਸੀ, ਉਹ ਵੀ ਇਸ ਵਿੱਚ ਸ਼ਾਮਲ ਕਰ ਰਹੀ ਹਾਂ । ਖੋਜੀ ਕਾਫ਼ਿਰ ਜੀ ਦੀ ਲਿਖਣ ਸ਼ੈਲੀ ਬਹੁਤ ਵਧੀਆ ਹੈ, ਇੰਞ ਲੱਗਦਾ ਹੈ ਕਿ ਕਈ ਜ਼ੁਬਾਨਾਂ ਦਾ ਸੁਮੇਲ ਹੋਵੇ । ਭਗਤ ਪੂਰਨ ਸਿੰਘ ਜੀ ਦੇ ਰਸਤੇ ਵਿੱਚੋਂ ਰੋੜੇ-ਕੰਕਰ, ਕਿੱਲ, ਖੁਰੀਆਂ ਚੁੱਕ ਕੇ ਬਾਟੇ ਵਿੱਚ ਪਾਉਣ ਨੂੰ ਖੂਬਸੂਰਤ ਢੰਗ ਨਾਲ ਬਿਆਨ ਕਰਦੇ ਹਨ: "ਆਪਣੇ ਤਨ ਮਨ ਦੇ ਸਾਥੀ, ਲੋਹੇ ਦੇ ਬਾਟੇ ਦੀ ਪ੍ਰਕ੍ਰਿਆ ਨਾਲ ਗਜ਼ਾ ਕਰਨ ਵਰਗੀ ਨਿੱਜੀ ਮਿਸਾਲੀ ਪ੍ਰਯੋਗਤਾ, ਰੌਚਿਕਤਾ ਅਤੇ ਮੌਲਿਕਤਾ ਨੇ ਜੱਗੋਂ ਨਿਆਰੀ ਤਸਵੀਰ ਸਿਰਜ ਦਿੱਤੀ । ਇਹ ਵਿਧੀ ਜਿੱਥੇ ਦੁਨੀਆਂ ਦੇ ਭਲੇ ਦਾ ਸਬੱਬ ਬਣਦੀ, ਉੱਥੇ ਇਹ ਮਨ 'ਚੋਂ ਹਉਮੈਂ ਦੇ ਦੀਰਘ ਰੋਗ ਦੀ ਜੜ੍ਹ ਪੁੱਟਣ ਅਤੇ ਸੇਵਾ ਦੀ ਉੱਤਮਤਾ ਦੀ ਹੋਰਨਾਂ ਲਈ ਰੀਸ ਵੀ ਪਾਉਂਦੀ ਰਹੀ ।"

ਲੇਖਕ ਭਗਤ ਪੂਰਨ ਸਿੰਘ ਜੀ ਦਾ ਦਸਵੀਂ ਵਿੱਚੋਂ ਦੂਸਰੀ ਵਾਰ ਫੇਲ ਹੋਣ ਨੂੰ ਇੰਞ ਲੈਂਦਾ ਹੈ,"ਪਰਵਰਦਿਗਾਰ ਰਾਮ ਜੀ ਦਾਸ ਲਈ ਗ੍ਰਹਿਸਥੀ ਜੀਵਨ ਤੋਂ ਉੱਪਰ ਚੁੱਕਣ ਦੀ ਬਿਧ ਸਿਰਜ ਰਿਹਾ ਸੀ—ਤੇ ਕੁਦਰਤ ਦੀ ਇਹ ਰਹੱਸਮਈ ਸਿਰਜਣਾ, ਹੁਣ ਮਾਤਾ ਮਹਿਤਾਬ ਕੌਰ ਦੀ ਅਣਥਿੜਕਵੀਂ ਕੁਰਬਾਨੀ ਔਰ ਭਗਤ ਜੀ ਵੱਲੋਂ ਮਨੁੱਖ-ਮਾਤਰ ਦੀ ਕੀਤੀ ਉੱਚੀ-ਸੁੱਚੀ ਅਣਥੱਕ ਸੇਵਾ ਵਿੱਚੋਂ ਦੇਖੀ ਜਾ ਸਕਦੀ ਹੈ ।"

ਪਿਆਰੇ ਦੀ ਸੇਵਾ ਮਮਤਾ ਭਰੇ ਪਿਆਰ ਨਾਲ ਕਰਨ ਨੂੰ ਲੇਖਕ ਬੜੇ ਉੱਤਮ ਢੰਗ ਨਾਲ ਲਿਖਦਾ ਹੈ, "ਇਹ ਰਾਮ ਜੀ ਦਾਸ ਦਾ ਅੰਦਰਲਾ ਭਗਤ ਪੂਰਨ ਸਿੰਘ ਹੀ ਸੀ ਜੀਹਦੇ ਹਿਰਦੇ ਵਿੱਚੋਂ ਵਿਕਲਾਂਗ ਲਈ ਮਮਤਾ ਦੀ ਛੱਲ ਉੱਠੀ ਔਰ ਜਿਹੜੀ ਆਖ਼ਰੀ ਸਵਾਸ ਤੀਕ ਉਹਨੂੰ ਮਾਂ ਵਾਂਙ ਕੁੱਛੜ-ਕੰਧੇੜ ਚੁੱਕੀ ਫਿਰਦੀ ਰਹੀ....ਗੋਦੀ 'ਚ ਲੋਰੀਆਂ ਦਿੰਦੀ ਰਹੀ ।"

ਕਿਹੋ ਜਿਹੀਆਂ ਹਸਤੀਆਂ ਭਗਤ ਜੀ ਨੂੰ ਪਿਆਰ ਕਰਦੀਆਂ ਸਨ, ਬਾਰੇ ਲੇਖਕ ਨੇ ਦੀਵਾਨ ਆਨੰਦ ਕੁਮਾਰ ਜੀ ਦਾ ਜ਼ਿਕਰ ਕੀਤਾ ਹੈ। ਲੇਖਕ ਦੀਵਾਨ ਆਨੰਦ ਕੁਮਾਰ ਜੀ ਦਾ ਨਿੱਜੀ ਸਹਾਇਕ ਸੀ । ਉਹਨੇ ਆਪਣੇ ਨਿੱਜੀ ਤਜਰਬੇ ਵਿੱਚੋਂ ਲਿਖਿਆ ਹੈ: "੧੯੫੦ ਦੀ ਗੱਲ ਏ, ਪੰਜਾਬ ਦੇ ਵਿਦਿਆ ਖੇਤਰ ਦੀ ਇਕ ਅਜ਼ੀਮ ਹਸਤੀ ਦੀਵਾਨ ਆਨੰਦ ਕੁਮਾਰ, ਜੋ ਚੜ੍ਹਦੇ ਪੰਜਾਬ ਦੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਸਨ, ਇਕ ਨਿਹਾਇਤ ਹੀ ਨਫੀਸ ਤਬੀਅਤ ਦੇ ਮਾਲਕ ਸਨ । ਉਹ ਹੈਂਕੜੀ ਕਿਸਮ ਦੇ ਵਜ਼ੀਰਾਂ ਗਵਰਨਰਾਂ ਨੂੰ ਵੀ ਟਿੱਚ ਸਮਝ ਕੇ ਪਿਛਾਂਹ ਝਿੜਕ ਦਿੰਦੇ ਸਨ । ਉਹ ਭਗਤ ਪੂਰਨ ਸਿੰਘ



ਦਾ ਸਵਾਗਤ ਪੇਸ਼ ਕਰਦੇ ਮੈਂ ਆਪ ਵੇਖੇ ।"

ਲੇਖਕ ਭਗਤ ਪੂਰਨ ਸਿੰਘ ਜੀ ਦਾ ਜੀਵਨ ਵਿੱਚ ਏਨਾ ਉੱਠ ਜਾਣ ਦਾ ਸਬੱਬ ਉਹਨਾਂ ਦੇ ਪਿਤਾ ਲਾਲਾ ਸ਼ਿੱਬੂਮਲ ਦੇ ਘਰ ਨੂੰ ਗੁਰਬਤ ਵਿੱਚ ਲਹਿ ਜਾਣ ਨੂੰ ਸਮਝਦੇ ਹਨ ।

ਇਕ ਲੇਖ ਸੋਹਣ ਸਿੰਘ ਸ਼ਿਕਾਗੋ ਜੀ ਦਾ ਸ਼ਾਮਲ ਕੀਤਾ ਹੈ ਜਿਹੜਾ ਉਹਨਾਂ ਨੇ ਮੇਰੀ ਅਮਰੀਕਾ ਫੇਰੀ ਸਮੇਂ ਪੜ੍ਹਿਆ । ਉਹਨਾਂ ਨੇ ਥੋੜ੍ਹੇ ਸ਼ਬਦਾਂ ਵਿੱਚ, ਭਗਤ ਜੀ ਨੇ ਗੁਰਸਿੱਖੀ ਕਿਵੇਂ ਕਮਾਈ ਹੈ ਦਾ ਵਰਣਨ ਕੀਤਾ ਹੈ। ਉਹਨਾਂ ਨੇ ਪਿੰਗਲਵਾੜਾ ਸੰਸਥਾ ਨੂੰ ਬੇਗ਼ਮਪੁਰਾ ਕਹਿ ਕੇ ਵਡਿਆਇਆ ਹੈ।

ਮੈਂ ਤਹਿ-ਦਿਲੋਂ ਧੰਨਵਾਦੀ ਹਾਂ ਇਹਨਾਂ ਸਾਰੇ ਲੇਖਕਾਂ ਦੀ । ਇਹ ਸਾਰੇ ਲੇਖ ਸੰਗਤਾਂ ਤਾਈਂ ਪਹੁੰਚਾ ਕੇ ਮੈਨੂੰ ਹਾਰਦਿਕ ਖ਼ੁਸ਼ੀ ਦਾ ਅਨੁਭਵ ਹੋ ਰਿਹਾ ਹੈ। ਆਸ ਕਰਦੀ ਹਾਂ, ਇਹਨਾਂ ਨੂੰ ਪੜ੍ਹ ਕੇ ਕੋਈ ਹੋਰ ਇਸ ਤਰ੍ਹਾਂ ਦੀ ਸੇਵਾ ਦੇ ਰਾਹ ਦਾ ਪਾਂਧੀ ਪੈਦਾ ਹੋ ਜਾਵੇ ।

ਸੰਗਤਾਂ ਅੱਗੇ ਦੋ ਹੱਥ ਜੋੜ ਕੇ ਬੇਨਤੀ ਹੈ ਕਿ ਮਨੁੱਖਤਾ ਦੇ ਮੰਦਰ ਪਿੰਗਲਵਾੜਾ ਦੇ ਵਧਣ-ਫੁੱਲਣ ਲਈ, ਜਿਸ ਦੀਆਂ ਨੀਹਾਂ ਵਿੱਚ ਭਗਤ ਪੂਰਨ ਸਿੰਘ ਜੀ ਨੇ ਆਪਣਾ ਖ਼ੂਨ-ਪਸੀਨਾ ਪਾਇਆ ਹੈ, ਵੱਧ ਤੋਂ ਵੱਧ ਤਨ ਮਨ ਧਨ ਨਾਲ ਯੋਗਦਾਨ ਪਾਉਣ ਦੀ ਕ੍ਰਿਪਾਲਤਾ ਕਰਨ ਜੀ।

ਡਾ:ਇੰਦਰਜੀਤ ਕੌਰ,
ਮੁੱਖ ਸੇਵਿਕਾ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:),
ਅੰਮ੍ਰਿਤਸਰ ।

# ਭਗਤ ਪੂਰਨ ਸਿੰਘ ਜੀ

-ਕੁਲਦੀਪ ਸਿੰਘ ਹਉਰਾ

ਭਗਤ ਪੂਰਨ ਸਿੰਘ ਜੀ ਅੱਜ ਸਰੀਰਕ ਤੌਰ ’ਤੇ ਸਾਡੇ ਵਿੱਚ ਨਹੀਂ, ਇਹ ਇਕ ਹਕੀਕਤ ਹੈ । ਪਰ ਜੋ ਇੱਜ਼ਤ-ਮਾਣ, ਪਿਆਰ ਤੇ ਸਤਿਕਾਰ ਆਪ ਨੂੰ ਗੁਰਪੁਰੀ ਸਿਧਾਰ ਜਾਣ ਪਿੱਛੋਂ ਸਿੱਖ-ਸੰਗਤਾਂ ਤੇ ਹੋਰ ਲੋਕਾਂ ਵੱਲੋਂ ਦਿੱਤਾ ਗਿਆ ਹੈ, ਉਹ ਵੀ ਕਿਸੇ ਵਿਰਲੇ ਦੇ ਹਿੱਸੇ ਹੀ ਆਉਂਦਾ ਹੈ । ਮੌਤ ਤਾਂ ਇਕ ਅਟੱਲ ਸਚਾਈ ਹੈ । ਜੋ ਜੰਮਿਆ ਹੈ, ਉਸ ਮਰਨਾ ਤਾਂ ਹੈ ਹੀ । ਜ਼ਿੰਦਗੀ ਨਿਕਾਸ ਤੇ ਵਿਕਾਸ ਦੇ ਪੜਾਵਾਂ ’ਚੋਂ ਲੰਘਣ ਦਾ ਹੀ ਨਾਂ ਹੈ । ਮਨੁੱਖ ਤੇ ਜੀਵ-ਜੰਤੂ ਅਤੇ ਕੁਦਰਤ ਦੀ ਹਰ ਵਸਤੂ ਜੰਮਦੀ ਹੈ, ਵਿਕਾਸ ਕਰਦੀ ਹੈ ਤੇ ਫੇਰ ਨਿਸ਼ਚਿਤ ਸਮੇਂ ’ਤੇ ਉਸ ਦਾ ਵਿਨਾਸ਼ ਹੋ ਜਾਂਦਾ ਹੈ । ਗੁਰੂ ਕਥਨ ਹੈ-'**ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥ ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥**' (ਅੰਗ ੯੩੬) । ਭਾਵ ਰਾਜੇ, ਬਾਦਸ਼ਾਹ, ਕੰਗਾਲ ਤੇ ਫ਼ਕੀਰ ਕੋਈ ਸਦਾ ਲਈ ਏਥੇ ਠਹਿਰ ਨਹੀਂ ਸਕਦਾ । ਆਪੋ ਆਪਣੀ ਵਾਰੀ ਸਭ ਨੇ ਇੱਥੋਂ ਚਲੇ ਜਾਣਾ ਹੈ । ਪਰ ਜਿਸ ਤਰ੍ਹਾਂ ਸਤਿਕਾਰਯੋਗ ਭਗਤ ਜੀ ਆਪਣੀ ਸੰਸਾਰ ਯਾਤਰਾ ਮੁਕਾ ਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ, ਉਹ ਆਪਣੇ ਆਪ ਵਿੱਚ ਇਕ ਬਹੁਤ ਮਹੱਤਵਪੂਰਨ ਕ੍ਰਿਆ ਹੈ। ਭਗਤ ਪੂਰਨ ਸਿੰਘ ਇਕ ਸਫਲ ਜੀਵਨ ਗੁਜ਼ਾਰ ਕੇ ਇੱਥੋਂ ਗਏ ਹਨ ।

ਕਬੀਰ ਸਾਹਿਬ ਨੇ ਆਸਾ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ **ਅੰਗ ੪੮੦** ਉੱਤੇ ਬੜਾ ਖ਼ੂਬਸੂਰਤ ਕਿਹਾ ਹੈ, '**ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ ॥ ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ॥**' ਭਾਵ ਜੋ ਜੋਗੀ ਹੋਰੀਂ ਬੋਲਦੇ ਸਨ, ਉਹ ਕਿਧਰ ਗਏ ? ਜੋ ਸਰੀਰ ਨਾਲ ਰਹਿੰਦੇ ਸੀ ਅਤੇ ਸੁਰਤ ਵਿਚ ਹੀ ਨਾਚ ਕਰਦੇ ਤੇ ਕਥਾ ਵਾਰਤਾ ਕਰਦੇ ਹੁੰਦੇ ਸੀ, ਉਹ ਅੱਜ ਕਿੱਥੇ ਗਏ ? ਭਗਤ ਪੂਰਨ ਸਿੰਘ ਜੀ ਨੇ ਆਪਣੀ ਆਯੂ ਦੇ 88 ਸਾਲ ਦੋ ਮਹੀਨੇ ਤੇ ਦੋ ਦਿਨ ਜੋ ਮਨੁੱਖੀ ਜਾਮੇ ਵਿਚ ਇਸ ਸੰਸਾਰ ਵਿਚ ਗੁਜ਼ਾਰੇ, ਉਹ ਬੜੇ ਮਹੱਤਤਾ ਭਰੇ ਸਨ । ਉਹ ਘਰੋ-ਘਰੀ ਰੋਟੀਆਂ ਮੰਗਦੇ ਰਹੇ, ਪਿਆਰਾ ਸਿੰਘ ਨੂੰ ਪਿੱਠ 'ਤੇ ਚੁੱਕ ਕੇ ਲਾਹੌਰ ਤੇ ਅੰਮ੍ਰਿਤਸਰ ਦੀਆਂ ਗਲੀਆਂ ਵਿਚ ਘੁੰਮਦੇ ਰਹੇ, ਬਿਮਾਰਾਂ ਤੇ ਲਾਵਾਰਸਾਂ ਦੀ ਦੇਖ-ਭਾਲ ਕਰਦੇ ਰਹੇ, ਅਨਾਥ ਤੇ ਬੇਸਹਾਰਾ ਬੁੱਢਿਆਂ ਦੀ ਡੰਗੋਰੀ ਬਣੇ ਰਹੇ, ਸਮਾਜ



ਦੀਆਂ ਸਤਾਈਆਂ ਹੋਈਆਂ ਇਸਤਰੀਆਂ ਤੇ ਅਬਲਾਵਾਂ ਦੇ ਸਿਰਾਂ 'ਤੇ ਪਿਤਰੀ ਹੱਥ ਰੱਖਦੇ ਰਹੇ, ਸੜਕਾਂ ਤੋਂ ਪੱਥਰ, ਖੁਰੀਆਂ, ਕਿਲ-ਕਾਂਟੇ, ਕੇਲੇ ਦੇ ਛਿਲਕੇ ਆਦਿ ਚੁੱਕਦੇ ਰਹੇ, ਸਕੂਲਾਂ, ਕਾਲਜਾਂ, ਗੁਰਦੁਆਰਿਆਂ ਤੇ ਹੋਰ ਸਮਾਜਿਕ ਤੇ ਧਾਰਮਿਕ ਸਮਾਗਮਾਂ ਵਿਚ ਸਟੇਜਾਂ ’ਤੇ ਅੱਡੀਆਂ ਚੁੱਕ-ਚੁੱਕ ਕੇ ਬੋਲਦੇ ਰਹੇ, ਇਸ਼ਤਿਹਾਰ, ਕਿਤਾਬਚੇ ਤੇ ਫਾਈਲਾਂ ਵੰਡਦੇ ਰਹੇ, ਸਾਰੀ ਉਮਰ ਸਾਈਕਲ, ਰਿਕਸ਼ਾ ਤੇ ਟਾਂਗੇ ’ਤੇ ਫਿਰਦੇ ਰਹੇ, ਸਫ਼ਰ ਹਮੇਸ਼ਾਂ ਹੀ ਗੱਡੀ ਦੇ ਤੀਸਰੇ ਦਰਜੇ ਵਿਚ ਕੀਤਾ, ਸੁੱਕੀ ਰੋਟੀ ਖਾ ਕੇ ਪਾਣੀ ਪੀ ਲਿਆ ਤੇ ਫੇਰ ਆਪਣੇ ਸੰਘਰਸ਼-ਮਈ ਜੀਵਨ ਦੇ ਅਤਿ-ਕਠਿਨ ਸਫ਼ਰ ਉੱਤੇ ਤੁਰ ਪਏ । ਇਹ ਸੀ ਭਗਤ ਪੂਰਨ ਸਿੰਘ ਜੀ ਦਾ ਸਾਦਾ, ਔਖਾ ਤੇ ਸੰਘਰਸ਼ਮਈ ਜੀਵਨ ਤੇ ਕਿਤਨੀ ਸ਼ਾਨਦਾਰ, ਸਤਿਕਾਰ ਭਰਪੂਰ ਤੇ ਲੋਕ-ਹਿਰਦਿਆਂ ਦੇ ਪਿਆਰ ਨਾਲ ਨੱਕੋ-ਨੱਕ ਭਰਿਆ ਹੋਇਆ ਉਨ੍ਹਾਂ ਦਾ ਅੰਤਿਮ ਸਫ਼ਰ । ਅਜਿਹੀ ਮੌਤ ਕਿਸੇ ਵੱਡਭਾਗੇ ਨੂੰ ਹੀ ਆਉਂਦੀ ਹੈ । ਸਰਕਾਰੀ ਖ਼ਰਚੇ ’ਤੇ ਇਲਾਜ, ਡਾਕਟਰਾਂ ਦਾ ਉਨ੍ਹਾਂ ਦੀ ਸੇਵਾ ਵਿਚ ਤੱਤਪਰ ਰਹਿਣਾ ਤੇ ਉਨ੍ਹਾਂ ਦੇ ਸ਼ਰਧਾਲੂਆਂ ਤੇ ਪ੍ਰਸ਼ੰਸਕਾਂ ਦਾ ਬਿਮਾਰੀ ਦੇ ਦਿਨਾਂ ਵਿਚ ਉਨ੍ਹਾਂ ਦੇ ਦਰਸ਼ਨਾਂ ਨੂੰ ਤਰਸਣਾ, ਉਨ੍ਹਾਂ ਦੀ ਸਿਹਤਯਾਬੀ ਲਈ ਅਰਦਾਸਾਂ ਕਰਨਾ, ਅਕਾਲ ਪੁਰਖ ਅੱਗੇ ਉਨ੍ਹਾਂ ਦੀ ਦੀਰਘ-ਆਯੂ ਲਈ ਹਾੜੇ ਕੱਢਣੇ, ਇਹ ਸਭ ਕੁਝ ਸਤਿਕਾਰਯੋਗ ਭਗਤ ਜੀ ਦੇ ਹਰਮਨ-ਪਿਆਰੇ ਤੇ ਲੋਕ-ਨਾਇਕ ਹੋਣ ਦੇ ਪ੍ਰਤੱਖ ਸਬੂਤ ਹਨ । ਮੌਤ ਦੀ ਖ਼ਬਰ ਸੁਣ ਕੇ ਲੋਕਾਂ ਦੇ ਅੱਥਰੂ ਵਗਦੇ ਮੈਂ ਆਪ ਵੇਖੇ ਹਨ । ਉਨ੍ਹਾਂ ਦੇ ਮ੍ਰਿਤਕ ਸਰੀਰ ਦੇ ਚੰਡੀਗੜ੍ਹ ਤੋਂ ਪਿੰਗਲਵਾੜੇ ਅੱਧੀ ਰਾਤ ਵੇਲੇ ਪੁੱਜਣ ਤੋਂ ਪਹਿਲਾਂ ਉੱਥੇ ਲੋਕਾਂ ਦੀ ਭੀੜ ਲੱਗੀ ਹੋਣੀ, ਉਨ੍ਹਾਂ ਦੀ ਅਰਥੀ ਨੂੰ ਉੱਚ-ਹਸਤੀਆਂ ਦਾ ਮੋਢਾ ਦੇਣਾ, ਉਨ੍ਹਾਂ ਦੀ ਮ੍ਰਿਤਕ-ਦੇਹ ਦੇ ਜਲੂਸ ਵਿਚ ਹਰ ਧਰਮ ਤੇ ਹਰ ਵਿਚਾਰਧਾਰਾ ਦੇ ਲੋਕਾਂ ਦਾ ਹਜ਼ਾਰਾਂ ਦੀ ਸੰਖਿਆ ਵਿਚ ਹੋਣਾ ਦੱਸਦਾ ਹੈ ਕਿ ਉਹ ਲੋਕਾਂ ਵਿਚ ਕਿੰਨੇ ਪਿਆਰੇ ਤੇ ਸਤਿਕਾਰੇ ਜਾਂਦੇ ਸਨ । ਸਰਕਾਰੀ ਤੌਰ ’ਤੇ ਉਨ੍ਹਾਂ ਦਾ ਅੰਤਮ-ਸਸਕਾਰ ਹੋਣਾ ਇਤਨਾ ਮਹੱਤਵਪੂਰਨ ਨਹੀਂ, ਜਿਤਨਾ ਉੱਚ-ਕੋਟੀ ਦੇ ਪੰਥਕ ਤੇ ਸਮਾਜਿਕ ਆਗੂਆਂ ਦਾ ਉੱਥੇ ਹਾਜ਼ਰ ਹੋਣਾ । ਸਿੰਘ ਸਾਹਿਬ ਪ੍ਰੋਫ਼ੈਸਰ ਮਨਜੀਤ ਸਿੰਘ ਜੀ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਦਾ ਅੰਤਮ-ਅਰਦਾਸਾ ਸੋਧਣਾ ਤੇ ਚਿਤਾ ਨੂੰ ਅੱਗ ਵਿਖਾਣੀ ਕੋਈ ਮਾਮੂਲੀ ਜਿਹੀ ਗੱਲ ਨਹੀਂ । 5 ਅਗਸਤ 1992 ਨੂੰ ਭਗਤ ਜੀ ਨੇ ਪੀ.ਜੀ.ਆਈ ਚੰਡੀਗੜ੍ਹ ਵਿਚ ਆਪਣੀ ਉਤਰਾਧਿਕਾਰੀ ਡਾ.ਬੀਬੀ ਇੰਦਰਜੀਤ ਕੌਰ ਤੇ ਹੋਰ ਪ੍ਰੇਮੀਆਂ ਦੀ ਹਾਜ਼ਰੀ ਵਿਚ ਅੰਤਿਮ ਯਾਤਰਾ ਵੱਲ ਕੂਚ ਕੀਤਾ ਤੇ ਉਸੇ ਰਾਤ ਉਨ੍ਹਾਂ ਦਾ ਮ੍ਰਿਤਕ ਸਰੀਰ ਉਨ੍ਹਾਂ ਦੇ 'ਆਸ਼ੀਆਨੇ' ਪਿੰਗਲਵਾੜੇ ਨੂੰ ਲੈ ਆਂਦਾ ਗਿਆ । ਸ੍ਰੀ ਚੌਪਈ ਬੇਨਤੀ ਦੇ ਲਗਾਤਾਰ ਪਾਠ ਰਾਤ ਭਰ ਹੁੰਦੇ ਰਹੇ । ਅੰਮ੍ਰਿਤ ਵੇਲੇ ਵਡਭਾਗੀ

ਹੰਸਲਿਆਂ ਨੇ ਸ੍ਰੀ ਸੁਖਮਨੀ ਸਾਹਿਬ ਦੇ ਪਾਠਾਂ ਦੀ ਮਧੁਰ ਧੁਨੀ ਵਿਚ ਆਪ ਦੀ ਮ੍ਰਿਤਕ ਦੇਹ ਦਾ ਇਸ਼ਨਾਨ ਕਰਾਇਆ । ਛੇ ਅਗਸਤ ਨੂੰ ਅੰਤਿਮ ਸਸਕਾਰ ਪਿੱਛੋਂ 7 ਅਗਸਤ ਸਵੇਰੇ ਆਪ ਜੀ ਦੀਆਂ ਅਸਥੀਆਂ ਚੁੱਗ ਕੇ ਮਹਾਨ ਹਸਤੀਆਂ ਦਾ ਕਾਫ਼ਲਾ ਸ੍ਰੀ ਕੀਰਤਪੁਰ ਸਾਹਿਬ ਜਾਣਾ ਕੁਝ ਅਲੌਕਿਕ ਨਜ਼ਾਰੇ ਸਨ । ਇਹ ਸਭ ਕੁਝ ਵੇਖ ਕੇ ਨਿਸ਼ਚਾ ਹੁੰਦਾ ਸੀ ਕਿ ਭਗਤ ਪੂਰਨ ਸਿੰਘ ਜੀ 'ਪੂਰੇ' ਨਹੀਂ ਹੋਏ 'ਮੁਕਤ' ਹੋ ਗਏ ਹਨ। ਜਿਸ ਸ਼ਰਧਾ, ਪਿਆਰ ਤੇ ਸਤਿਕਾਰ ਨਾਲ ਵਿਛੜੀ ਆਤਮਾ ਦੀ ਸ਼ਾਂਤੀ ਲਈ ਸ਼ਰਧਾਂਜਲੀ ਸਮਾਗਮ 14 ਅਗਸਤ 1992 ਨੂੰ ਸ੍ਰੀ ਮੰਜੀ ਸਾਹਿਬ (ਹਰਿਮੰਦਰ ਸਾਹਿਬ ਸਮੂਹ) ਵਿਖੇ ਆਯੋਜਿਤ ਕੀਤਾ ਗਿਆ ਤੇ ਜਿਸ ਸਤਿਕਾਰ ਨਾਲ ਪੰਥ ਦੀਆਂ ਉੱਚ-ਕੋਟੀ ਦੀਆਂ ਹਸਤੀਆਂ ਤੇ ਹੋਰ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦੇ ਮੁਖੀਆਂ ਨੇ ਭਗਤ ਜੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਤੇ ਉਨ੍ਹਾਂ ਦੀ ਉਤਰਾਧਿਕਾਰੀ ਡਾ.ਬੀਬੀ ਇੰਦਰਜੀਤ ਕੌਰ ਜੀ ਨੂੰ ਸਿਰੋਪਾ ਬਖ਼ਸ਼ਿਸ਼ ਕਰ ਕੇ ਵਿਸ਼ਵਾਸ ਦਿੱਤਾ ਗਿਆ ਕਿ 'ਪਿੰਗਲਵਾੜਾ' ਪੰਥ ਦੀ ਆਪਣੀ ਜਾਇਦਾਦ ਹੈ, ਇਸ ਦੀ ਸੇਵਾ-ਸੰਭਾਲ ਵਿਚ ਕੋਈ ਕਸਰ ਨਹੀਂ ਰਹਿਣ ਦਿੱਤੀ ਜਾਵੇਗੀ ਤੇ ਬੀਬੀ ਜੀ ਨੂੰ ਹਰ ਪ੍ਰਕਾਰ ਦਾ ਸਹਿਯੋਗ ਦਿੱਤਾ ਜਾਵੇਗਾ । ਉਹ ਦੱਸਦਾ ਹੈ ਕਿ ਭਗਤ ਜੀ ਪ੍ਰਤੀ ਕੌਮ ਤੇ ਸਮਾਜ ਵਿਚ ਕਿਤਨਾ ਆਦਰ, ਮਾਣ ਤੇ ਸਤਿਕਾਰ ਸੀ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਨੇ ਆਪਣੀ ਭਾਵ-ਭਿੰਨੀ ਸ਼ਰਧਾਂਜਲੀ ਜਿਨ੍ਹਾਂ ਸ਼ਬਦਾਂ ਵਿਚ ਪੇਸ਼ ਕੀਤੀ, ਉਹ ਲਾਜਵਾਬ ਸੀ । ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਪਿੰਗਲਵਾੜਾ ਨੂੰ ਹਰ ਸਾਲ ਸਵਾ ਲੱਖ ਦੀ ਸਾਲਾਨਾ ਗਰਾਂਟ ਦਿੱਤੀ ਜਾਂਦੀ ਸੀ ਜੋ ਟੌਹੜਾ ਸਾਹਿਬ ਨੇ ਵਧਾ ਕੇ ਤਿੰਨ ਲੱਖ ਕਰ ਦਿੱਤੀ ਅਤੇ ਹਰ ਸਾਲ '**ਭਗਤ ਪੂਰਨ ਸਿੰਘ ਸੇਵਾ ਅਵਾਰਡ**' ਦਿੱਤੇ ਜਾਣ ਦਾ ਵੀ ਐਲਾਨ ਕੀਤਾ। ਇਹ ਬੜੀ ਮਹੱਤਵਪੂਰਨ ਗੱਲ ਹੈ ।

ਇਹ ਸਭ ਕੁਝ ਸਿੱਧ ਕਰਦਾ ਹੈ ਕਿ ਭਗਤ ਪੂਰਨ ਸਿੰਘ ਜੀ ਵੱਲੋਂ ਕੀਤੀਆਂ ਸੇਵਾਵਾਂ ਨੂੰ ਪੰਜਾਬ, ਪੰਥ ਤੇ ਸਮਾਜ ਨੇ ਸਵੀਕਾਰਿਆ ਹੈ, ਸਲਾਹਿਆ ਤੇ ਸਨਮਾਨਿਆ ਹੈ । ਇੱਥੇ ਹੀ ਬਸ ਨਹੀਂ, ਦੇਸ਼ ਦੇ ਅੱਡ-ਅੱਡ ਭਾਗਾਂ ਵਿਚ ਤੇ ਵਿਦੇਸ਼ਾਂ ਵਿੱਚ ਭਗਤ ਜੀ ਦੀ ਆਤਮਾ ਦੀ ਸ਼ਾਂਤੀ ਲਈ ਕੀਤੇ ਜਾ ਰਹੇ ਸ਼ਰਧਾਂਜਲੀ ਸਮਾਗਮ ਦੱਸਦੇ ਹਨ ਕਿ ਭਗਤ ਜੀ '**ਯੁੱਗ ਪੁਰਸ਼**' ਸਨ। ਉਨ੍ਹਾਂ ਦੇ ਪਾਏ ਪੂਰਨੇ ਕੌਮ ਤੇ ਦੇਸ਼ ਲਈ ਰਾਹ-ਦਿਸੇਰਾ ਹਨ । ਉਨ੍ਹਾਂ ਉੱਤੇ ਚੱਲਣਾ ਤੇ ਅਮਲ ਕਰਨਾ ਹੀ ਭਗਤ ਜੀ ਨੂੰ ਸੱਚੀ ਸ਼ਰਧਾਂਜਲੀ ਹੈ ।

ਭਗਤ ਪੂਰਨ ਸਿੰਘ ਉਹ ਹਸਤਾਖ਼ਰ ਹੋਇਆ ਹੈ ਜੋ ਕਿਸੇ ਜਾਣ-



ਪਹਿਚਾਣ ਦਾ ਮੁਥਾਜ ਨਹੀਂ । ਕੌਣ ਹੈ ਜੋ ਇਸ ਸਾਦਗੀ ਦੇ ਪ੍ਰਤੀਕ, ਸੇਵਾ ਦੀ ਮੂਰਤ, ਮਹਾਨ ਪਰਉਪਕਾਰੀ ਸੰਤ ਦੇ ਨਾਂ ਅਤੇ ਉਸਦੇ ਕੀਤੇ ਕਾਰਜਾਂ ਤੋਂ ਜਾਣੂ ਨਹੀਂ?

ਉਸ ਦੇ ਜਨਤਾ, ਸਮਾਜ, ਧਰਮ,ਦੇਸ਼ ਤੇ ਕੌਮ ਪ੍ਰਤੀ ਕੀਤੇ ਆਪਣੇ ਨਵੇਕਲੇ ਢੰਗ ਦੇ ਕਾਰਜਾਂ ਸਦਕਾ ਉਸ ਦੇ ਨਾਂ ਦੀ ਭਿੰਨੀ-ਭਿੰਨੀ ਖ਼ੁਸ਼ਬੂ ਪ੍ਰਾਂਤ ਤੇ ਦੇਸ਼ ਦੀਆਂ ਹੱਦਾਂ ਟੱਪ ਕੇ ਵਿਸ਼ਵ ਦੇ ਕੋਣੇ ਕੋਣੇ ਵਿਚ ਪੁੱਜ ਚੁੱਕੀ ਹੈ ।

ਉਹ ਭਗਤ ਸੀ, ਪੂਰਨ ਸੀ ਤੇ ਸਿੰਘ ਸੀ । ਉਸ ਦਾ ਘਰ ਸਮੁੱਚਾ ਵਿਸ਼ਵ ਸੀ । ਉਸ ਦਾ ਪਰਿਵਾਰ ਸਮੁੱਚਾ ਸਮਾਜ ਸੀ । ਉਸ ਦਾ ਆਦਰਸ਼ ਸੀ ਮਨੁੱਖਤਾ ਦੀ ਸੇਵਾ। ਪਿੰਗਲਵਾੜੇ ਦੇ ਰੋਗੀ ਉਸ ਦੀ ਸੰਤਾਨ ਸਨ ਤੇ ਉਹ ਆਪਣੀ ਸੰਤਾਨ ਦੀ ਦੇਖ-ਭਾਲ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਨੂੰ ਤਿਆਰ ਸੀ । ਉਹ ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਸਵਾਸ ਸਵਾਸ ਉਸ ਦਾ ਜਾਪ ਕਰਦਾ ਸੀ । ਅਗਿਆਨ ਮਿਟਾਉਣ ਤੇ ਗਿਆਨ ਦੇ ਚਾਨਣ ਨੂੰ ਫੈਲਾਉਣ ਦੇ ਯਤਨਾਂ ਵਿਚ ਉਹ ਦਿਨ-ਰਾਤ ਇਕ ਕਰ ਦੇਂਦਾ ਸੀ। ਸਵੇਰੇ ਹੀ ਉਹ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਜਾ ਬੈਠਦਾ ਅਤੇ ਸਾਰਾ ਦਿਨ ਆਈਆਂ ਸੰਗਤਾਂ ਵਿਚ ਆਬਾਦੀ ਦੇ ਵਾਧੇ, ਧਰਤੀ, ਪਾਣੀ ਤੇ ਹਵਾ ਦੇ ਦੂਸ਼ਿਤ ਹੋ ਜਾਣ, ਜੰਗਲਾਂ ਦੇ ਅੰਧਾਧੁੰਦ ਕੱਟੇ ਜਾਣ ਨਾਲ ਤੇ ਅਵਿੱਦਿਆ ਨਾਲ ਪੈਦਾ ਹੋਈਆਂ ਸਮੱਸਿਆਵਾਂ ਬਾਰੇ ਇਸ਼ਤਿਹਾਰ, ਕਿਤਾਬਚੇ ਤੇ ਪੁਸਤਕਾਂ ਵੰਡਦਾ ਰਹਿੰਦਾ, ਵਿਚਾਰ-ਵਟਾਂਦਰਾ ਕਰਦਾ ਤੇ ਰਾਤੀਂ ਮੁੜ ਆਪਣੇ ਆਲ੍ਹਣੇ (ਪਿੰਗਲਵਾੜੇ) ਵਿਚ ਜਾ ਵੜਦਾ ਤੇ ਦੇਰ ਰਾਤ ਤਕ ਆਸ਼ਰਮ ਦੀਆਂ ਸਮੱਸਿਆਵਾਂ, ਰੋਗੀਆਂ ਦੇ ਅਰਾਮ ਦੇ ਸਾਧਨ, ਨਵੀਂ ਇਮਾਰਤ ਤੇ ਹੋਰ ਲੋਕ-ਭਲੇ ਦੇ ਕਰਨ ਵਾਲੇ ਕਾਰਜਾਂ ਬਾਰੇ ਸੋਚਦਾ, ਵਿਚਾਰਦਾ ਤੇ ਅੱਧੀ ਕੁ ਰਾਤ ਵੇਲੇ ਆਪਣੇ ਬੱਚੇ (ਲੂਲ੍ਹੇ) ਪਿਆਰਾ ਸਿੰਘ ਨੂੰ ਹਿੱਕ ਨਾਲ ਲਾ ਕੇ ਸੌਂ ਜਾਂਦਾ । ਜੇ ਰਾਤੀਂ ਜਾਗ ਖੁੱਲ੍ਹ ਜਾਵੇ ਤਾਂ ਦਿਨ ਚੜ੍ਹੇ ਤਕ ਅਧਿਐਨ ਕਰਦਾ, ਨਾਮ ਜਪਦਾ । ਉਹ ਨਾ ਅੱਕਦਾ, ਨਾ ਥੱਕਦਾ, ਕਦੀ ਕੋਈ ਸਮੱਸਿਆ ਆ ਜਾਵੇ, ਖਿੜੇ ਮੱਥੇ ਉਸ ਦਾ ਟਾਕਰਾ ਕਰਦਾ; ਉਹ ਪੂਰਨ ਸੀ ਹਰ ਪੱਖੋਂ—ਸਰੀਰਕ, ਮਾਨਸਿਕ ਤੇ ਆਚਰਣ ਪੱਖੋਂ ।

ਭਗਤ ਪੂਰਨ ਸਿੰਘ ਅਨੁਸਾਰ ਉਹ ਬੰਦਾ ਅਪੂਰਨ ਹੈ ਜਿਹੜਾ ਪ੍ਰਾਣੀ-ਮਾਤਰ ਨਾਲ ਪਿਆਰ ਨਹੀਂ ਕਰਦਾ। ਉਹ ਆਪ ਸਾਕਾਰ ਪਿਆਰ ਦੀ ਮੂਰਤ ਸੀ। ਉਹ ਆਪਣੇ ਸਾਥੀਆਂ ਨਾਲ ਹੀ ਨਹੀਂ, ਸਗੋਂ ਸਭ ਨਾਲ ਦਿਲੋਂ ਜਾਨੋਂ ਪਿਆਰ ਕਰਦਾ ਸੀ। ਉਹ ਸਾਥੀਆਂ ਦੇ ਦੁੱਖਾਂ ਵਿਚ ਮਨ, ਬਚਨ ਤੇ ਕਰਮ ਦੁਆਰਾ ਸ਼ਰੀਕ ਹੁੰਦਾ ਸੀ । ਲੋੜ ਪੈਣ ’ਤੇ ਆਪ ਦੁੱਖ ਝੱਲ ਲੈਂਦਾ,

ਪਰ ਦੂਸਰੇ ਦਾ ਦੁੱਖ ਸਹਿਣ ਨਹੀਂ ਕਰ ਸਕਦਾ ਸੀ । ਉਸ ਨੂੰ ਮਨੁੱਖਤਾ ਦੇ ਦਰਦ ਦੀ ਬੜੀ ਚੀਸ ਸੀ। ਉਹ ਮਾਨਵਵਾਦੀ ਸੀ, ਮਾਨਵਤਾ ਦਾ ਸੇਵਕ, ਮਾਨਵਤਾ ਦਾ ਪੁਜਾਰੀ ।

ਵਿਰਸੇ ਵਿਚ ਭਗਤ ਪੂਰਨ ਸਿੰਘ ਨੂੰ ਕੋਈ ਜਾਇਦਾਦ ਨਹੀਂ ਸੀ ਮਿਲੀ, ਫਿਰ ਵੀ ਦਿਲ ਦਾ ਇਤਨਾ ਅਮੀਰ ਕਿ ਲੋੜਵੰਦਾਂ ਲਈ ਜੋ ਇਕੱਠਾ ਕਰਦਾ, ਉਹ ਉਨ੍ਹਾਂ ਉੱਤੇ ਹੀ ਖ਼ਰਚ ਕਰ ਦਿੰਦਾ । ਉਸ ਦਾ ਜ਼ਾਤੀ ਫੰਡ ਕੋਈ ਨਹੀਂ ਸੀ, ਸਾਦਾ ਰਹਿਣੀ-ਬਹਿਣੀ, ਸਾਦਾ ਖ਼ੁਰਾਕ ਤੇ ਸਾਦਾ ਪੁਸ਼ਾਕ ਹੀ ਉਸ ਦੀ ਵਿਸ਼ੇਸ਼ਤਾ ਦੇ ਭੇਦ ਸਨ । ਹਰ ਮਹੀਨੇ ਹਜ਼ਾਰਾਂ ਰੁਪਏ ਪੁਸਤਕਾਂ, ਕਿਤਾਬਚਿਆਂ ਤੇ ਇਸ਼ਤਿਹਾਰਾਂ ਉੱਤੇ ਖ਼ਰਚ ਕਰ ਦਿੰਦਾ ਸੀ । ਉਹ ਕੇਵਲ ਲੋਕ-ਭਲੇ ਲਈ ਲਿਖਦਾ, ਛਾਪਦਾ ਤੇ ਵੰਡਦਾ ਸੀ। ਉਨ੍ਹਾਂ ਇਸ਼ਤਿਹਾਰਾਂ ਆਦਿ ਵਿਚ ਅਧਿਆਤਮਿਕ, ਆਰਥਿਕ, ਰਾਜਨੀਤੀ ਜੈਸੇ ਅਨੇਕਾਂ ਵਿਸ਼ਿਆਂ ਵੱਲ ਧਿਆਨ ਦੁਆਇਆ ਹੁੰਦਾ ਅਤੇ ਪ੍ਰਾਣੀ-ਮਾਤਰ ਨੂੰ ਪੈਦਾ ਹੋ ਚੁੱਕੇ ਤੇ ਪੈਦਾ ਹੋ ਰਹੇ ਅਨੇਕਾਂ ਖ਼ਤਰਿਆਂ ਦਾ ਗਿਆਨ ਵੀ ਦਿੱਤਾ ਹੁੰਦਾ।ਭਗਤ ਪੂਰਨ ਸਿੰਘ ਇਕ ਚੰਗਾ ਲਿਖਾਰੀ ਹੀ ਨਹੀਂ, ਸਗੋਂ ਚੰਗਾ ਬੁਲਾਰਾ ਵੀ ਸੀ । ਉਹ ਆਪਣੇ ਭਾਸ਼ਨਾਂ ਵਿਚ ਗੁਰਬਾਣੀ ਦੀਆਂ ਤੁਕਾਂ ਤੋਂ ਛੁੱਟ ਅਨੇਕਾਂ ਵਿਦਵਾਨਾਂ ਦੀਆਂ ਤੁਕਾਂ ਦੇ ਕੇ ਆਪਣੇ ਵਿਚਾਰਾਂ ਨੂੰ ਸਿੱਧ ਕਰਦਾ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਭਗਤ ਪੂਰਨ ਸਿੰਘ ਗਿਆਨ ਦਾ ਭੰਡਾਰ ਸੀ । ਪੜ੍ਹਨ-ਲਿਖਣ ਦਾ ਉਸ ਦਾ ਸ਼ੌਕ 88 ਸਾਲਾਂ ਦੀ ਉਮਰ ਤਕ ਵੀ ਜਾਰੀ ਰਿਹਾ ।

ਚਾਰਲਸ ਡਿਕਨਸ ਨੇ ਕਿਹਾ ਹੈ ਕਿ ਉਸ ਨੇ ਗਰੈਜੂਏਸ਼ਨ ਲੰਡਨ ਦੀਆਂ ਗਲੀਆਂ ਵਿਚ ਕੀਤੀ ਹੈ, ਤਿਵੇਂ ਹੀ ਭਗਤ ਪੂਰਨ ਸਿੰਘ ਨੇ ਲਾਹੌਰ ਤੇ ਅੰਮ੍ਰਿਤਸਰ ਦੀਆਂ ਸੜਕਾਂ ਉੱਤੇ ਫਿਰਦਿਆਂ 'ਮਾਸਟਰ ਆਫ ਪੀਪਲਜ਼ ਸਰਵਿਸ' ਦੀ ਡਿਗਰੀ ਪ੍ਰਾਪਤ ਕੀਤੀ ।

ਸ੍ਰੀ ਰਾਬਿੰਦਰ ਨਾਥ ਟੈਗੋਰ ਨੇ ਆਪਣੀ ਇਕ ਕਵਿਤਾ ਵਿਚ ਅਜਿਹੇ ਭਿਖਸ਼ੂ ਦਾ ਵਰਣਨ ਕੀਤਾ ਹੈ ਜੋ ਇਕ ਜਵਾਨ ਕੁੜੀ ਦੀ ਸੁੰਦਰਤਾ ਉੱਤੇ ਤਾਂ ਮੋਹਿਤ ਨਹੀਂ ਹੁੰਦਾ, ਪਰ ਜਦੋਂ ਉਹ ਕੁੜੀ ਵੇਸ਼ਵਾ ਬਣਨ ਪਿੱਛੋਂ ਗੰਭੀਰ ਸਰੀਰਕ ਰੋਗਾਂ ਵਿਚ ਗਰੱਸੀ ਅਤਿ ਦੁਖਦਾਇਕ ਦਸ਼ਾ ਵਿਚ ਉਸ ਨੂੰ ਮਿਲਦੀ ਹੈ ਤਾਂ ਉਹ ਹੱਥੀਂ ਉਸ ਦੀ ਸੇਵਾ ਕਰਦਾ ਹੈ । ਇਸੇ ਤਰ੍ਹਾਂ ਭਗਤ ਪੂਰਨ ਸਿੰਘ ਰੋਜ਼ਾਨਾ ਉਸ ਪਾਸ ਆਈਆਂ ਅਨੇਕਾਂ ਜਵਾਨ ਤੇ ਖ਼ੂਬਸੂਰਤ ਔਰਤਾਂ ਵੱਲ ਨਜ਼ਰ ਉੱਚੀ ਕਰਕੇ ਨਾ ਵੇਖਦਾ ਪਰ ਸਮਾਜਿਕ ਜ਼ਬਰ ਦਾ ਸ਼ਿਕਾਰ ਹੋਈਆਂ ਆਤਸ਼ਿਕ ਤੇ ਸੁਜ਼ਾਕ ਦੀ ਬਿਮਾਰੀ ਨਾਲ ਤੜਪਦੀਆਂ ਤੇ ਬਲਾਤਕਾਰ ਦਾ ਸ਼ਿਕਾਰ ਹੋਈਆਂ ਇਸਤਰੀਆਂ ਨੂੰ ਆਪਣੇ ਆਸ਼ਰਮ (ਪਿੰਗਲਵਾੜੇ) ਵਿਚ



ਕੇਵਲ ਦਾਖ਼ਲ ਹੀ ਨਾ ਕਰਦਾ ਸਗੋਂ ਉਨ੍ਹਾਂ ਦੇ ਦਵਾ-ਦਾਰੂ, ਰੋਟੀ ਕੱਪੜੇ ਤੇ ਦੇਖਭਾਲ ਦਾ ਜ਼ਿੰਮਾ ਵੀ ਲੈਂਦਾ । ਇਹ ਸਭ ਕੁਝ ਕਰ ਕੇ ਉਸ ਨੂੰ ਮਾਨਸਿਕ ਤਸੱਲੀ ਹੁੰਦੀ ਸੀ ।

ਭਗਤ ਪੂਰਨ ਸਿੰਘ ਉਨ੍ਹਾਂ ਵਿਅਕਤੀਆਂ ਵਿੱਚੋਂ ਹੈ, ਜਿਨ੍ਹਾਂ ਦਾ ਵਿਸ਼ਵਾਸ ਹੈ ਕਿ ਮਨੁੱਖ ਦੀ ਮਹਾਨਤਾ ਇਸ ਵਿਚ ਹੈ ਕਿ ਉਹ ਨਿਤਾਣੇ ਤੇ ਲਾਚਾਰ ਬੰਦਿਆਂ ਨੂੰ ਜਿਊਣ ਜੋਗਾ ਬਣਾਵੇ । ਇਸ ਪੱਖੋਂ ਵੀ ਭਗਤ ਪੂਰਨ ਸਿੰਘ ਮਹਾਨ ਸੀ । ਸਮਾਜ ਤੇ ਮਨੁੱਖ-ਮਾਤਰ ਦੇ ਕਲਿਆਣ ਲਈ ਉਸ ਦਾ ਯੋਗਦਾਨ ਬੜਾ ਉਸਾਰੂ ਸੀ, ਕਿਉਂਕਿ ਉਹ ਕੇਵਲ ਸਿਧਾਂਤ ਹੀ ਨਹੀਂ ਸੀ ਪ੍ਰਚਾਰਦਾ, ਸਗੋਂ ਅਮਲੀ ਤੌਰ 'ਤੇ ਕੁਝ ਕਰ ਕੇ ਵੀ ਵਿਖਾਉਂਦਾ ਸੀ । ਕਮਾਲ ਦੀ ਗੱਲ ਇਹ ਹੈ ਕਿ ਉਸ ਦੀ ਮਨੁੱਖੀ ਸਮਾਜ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਮੁੱਖ ਰੱਖ ਕੇ ਜਦੋਂ ਸਰਕਾਰੀ ਤੌਰ 'ਤੇ ਉਸ ਨੂੰ '**ਪਦਮ ਸ਼੍ਰੀ**' ਦੀ ਉਪਾਧੀ ਨਾਲ ਸਨਮਾਇਆ ਗਿਆ ਤਾਂ ਉਹ ਬਹੁਤਾ ਖ਼ੁਸ਼ ਨਹੀਂ ਸੀ ਹੋਇਆ । ਪਰ ਜਦੋਂ ਨਿਰਦੋਸ਼ ਲੋਕਾਂ ਦੇ ਕਤਲ ਦੇ ਰੋਸ ਵੱਜੋਂ ਉਸ ਨੇ ਉਪਾਧੀ ਵਾਪਸ ਮੋੜੀ ਤਾਂ ਉਹ ਬਹੁਤ ਖ਼ੁਸ਼ ਤੇ ਸੰਤੁਸ਼ਟ ਸੀ । ਉਹ ਮਾਨਵਵਾਦੀ ਜੁ ਸੀ ।

18ਵੀਂ ਸਦੀ ਦਾ ਪ੍ਰਸਿੱਧ ਵਿਦਵਾਨ ਸੈਮੂਅਲ ਜਾਨਸਨ ਬਿਮਾਰ ਤੇ ਮਰਨ-ਕਿਨਾਰੇ ਪਏ ਲੋਕਾਂ ਨੂੰ ਘਰ ਲੈ ਜਾਂਦਾ ਸੀ ਤੇ ਉਨ੍ਹਾਂ ਦੀ ਖ਼ੁਰਾਕ ਤੇ ਰਹਿਣ-ਸਹਿਣ ਆਦਿ ਦਾ ਪ੍ਰਬੰਧ ਕਰਦਾ । ਪਰ 20ਵੀਂ ਸਦੀ ਦੇ ਇਸ ਬੁੱਧੀਜੀਵੀ ਨੇ ਅਜਿਹੇ ਲੋਕਾਂ ਦਾ ਪੱਕਾ ਪ੍ਰਬੰਧ ਕਰਨ ਲਈ ਇਕ ਚਿਕਿੱਤਸਕ-ਸਮਾਜਿਕ ਸੰਸਥਾ 'ਪਿੰਗਲਵਾੜਾ' ਬਣਾ ਦਿੱਤੀ, ਜਿੱਥੇ ਪਾਗਲ ਇਸਤਰੀਆਂ, ਯਤੀਮ ਬੱਚੇ, ਲਾਵਾਰਸ ਰੋਗੀ ਤੇ ਅਪਾਹਿਜ, ਬੁੱਢੇ ਅਤੇ ਲਾ-ਇਲਾਜ ਕੁੜੀਆਂ ਰਹਿੰਦੀਆਂ, ਜਿੱਥੇ ਉਨ੍ਹਾਂ ਦੀ ਹਰ ਪ੍ਰਕਾਰ ਦੀ ਦੇਖਭਾਲ ਭਗਤ ਪੂਰਨ ਸਿੰਘ ਦੀ ਦੇਖ-ਰੇਖ ਵਿਚ ਹੁੰਦੀ ਸੀ। ਭਗਤ ਪੂਰਨ ਸਿੰਘ ਉਨ੍ਹਾਂ ਨੂੰ ਆਪਣਾ ਪਰਿਵਾਰ ਮੰਨਦਾ ਸੀ । ਉਸ ਨੇ ਇਸੇ ਕਰਕੇ ਸ਼ਾਦੀ ਨਹੀਂ ਕੀਤੀ ਕਿ ਉਹ ਕਿਸੇ ਇਕ ਸੀਮਿਤ-ਪਰਿਵਾਰ ਦਾ ਨਾ ਹੋ ਕੇ ਦੁੱਖੀ ਮਨੁੱਖ ਦੇ ਵਿਸ਼ਾਲ ਪਰਿਵਾਰ ਦਾ ਜੀਅ ਬਣਿਆ ਰਹੇ ।

ਉਸ ਦੀ ਭਾਵਨਾ ਤੇ ਅਮਲ ਅਤਿ ਉਸਤਤਿ ਯੋਗ ਸਨ । ਭਗਤ ਪੂਰਨ ਸਿੰਘ ਅੰਨ੍ਹਿਆਂ, ਗੂੰਗਿਆਂ, ਬੋਲਿਆਂ, ਲੂਲ੍ਹਿਆਂ, ਅਪਾਹਿਜਾਂ ਤੇ ਮਾਨਸਿਕ ਰੋਗੀਆਂ ਦਾ ਮਸੀਹਾ ਸੀ ਜੋ ਬਿਨਾਂ ਕਿਸੇ ਧਰਮ, ਜਾਤ-ਪਾਤ, ਪ੍ਰਾਂਤ ਦੇ ਫ਼ਿਰਕੇ ਦਾ ਵਿਤਕਰਾ ਕੀਤਿਆਂ ਉਨ੍ਹਾਂ ਦਾ ਭਾਰ ਆਪਣੇ ਮੋਢਿਆਂ ਉੱਤੇ ਚੁੱਕੀ ਫਿਰਦਾ ਰਿਹਾ, ਮਾਨਵਤਾ ਦਾ ਸੇਵਕ ਜੁ ਸੀ ।

ਪ੍ਰਿੰਸੀਪਲ ਤੇਜਾ ਸਿੰਘ ਨੇ ਭਗਤ ਜੀ ਬਾਰੇ ਲਿਖਿਆ ਸੀ-"ਉਸ ਨੇ

ਉਨ੍ਹਾਂ ਸਿੱਖ ਇਤਿਹਾਸਕ ਕਥਾਵਾਂ ਨੂੰ ਸੁਰਜੀਤ ਕਰ ਦਿੱਤਾ ਹੈ, ਜਿਹੜੀਆਂ ਲੱਗਭੱਗ ਨਾ ਮੰਨਣਯੋਗ ਸਮਝੀਆਂ ਜਾਂਦੀਆਂ ਸਨ। ਭਗਤ ਪੂਰਨ ਸਿੰਘ, ਭਾਈ ਘਨੱਈਆ ਜੀ, ਭਾਈ ਮੰਝ ਜੀ ਤੇ ਭਾਈ ਬਹਿਲੋ ਜੀ ਦਾ ਉਤਰਾਧਿਕਾਰੀ ਸੀ। ਸ. ਭਗਤ ਸਿੰਘ ਸੈਸ਼ਨ ਜੱਜ ਨੇ ਭਗਤ ਜੀ ਦੇ ਮਿਸ਼ਨ ਬਾਰੇ ਲਿਖਿਆ ਸੀ- "ਇਹ ਪਿੰਗਲਵਾੜਾ ਕਿਸੇ ਬੁੱਤ ਜਾਂ ਮੂਰਤੀ ਰਹਿਤ ਮੰਦਰ ਦਾ ਨਮੂਨਾ ਹੈ । ਇਹ ਵਾਹਿਗੁਰੂ ਦੇ ਧਾਰਮਿਕ ਚਿੰਨ੍ਹ ਦਾ ਨਮੂਨਾ ਹੈ । ਵਾਹਿਗੁਰੂ ਦਾ ਚਿੰਨ੍ਹ, ਬੇਸਹਾਰਾ ਜਾਂ ਸਰੀਰਕ ਤੌਰ 'ਤੇ ਨਕਾਰਾ ਲੋਕ ਹਨ। ਪਿੰਗਲਵਾੜੇ ਦਾ ਮੁੱਖ ਕੰਮ ਸਰੀਰਕ ਤੌਰ 'ਤੇ ਕਮਜ਼ੋਰ ਬੁੱਢੇ ਜਾਂ ਬਿਮਾਰੀ ਕਰਕੇ ਦੁਖੀ ਲੋਕਾਂ ਦੀ ਸੇਵਾ ਤੇ ਸੰਭਾਲ ਕਰਨਾ ਹੈ; ਪ੍ਰੰਤੂ ਵਿਦਿਅਕ ਸਰਗਰਮੀ ਨੂੰ ਦੇਖਦੇ ਹੋਏ ਇਹ ਸੰਸਥਾ ਇਕ ਸਮਜਿਕ ਪ੍ਰਯੋਗਸ਼ਾਲਾ ਹੈ, ਜਿੱਥੇ ਕਈ ਸਮਾਜਿਕ ਸਮੱਸਿਆਵਾਂ ਦਾ ਹੱਲ ਹੀ ਨਹੀਂ ਲੱਭਿਆ ਜਾਂਦਾ, ਸਗੋਂ ਉਸ ਦਾ ਪ੍ਰਭਾਵਸ਼ਾਲੀ ਅਤੇ ਠੀਕ ਤਰੀਕੇ ਨਾਲ ਪ੍ਰਚਾਰ ਵੀ ਕੀਤਾ ਜਾਂਦਾ ਹੈ । ਅਜਿਹਾ ਮੰਦਰ ਇਕ ਮਾਨਵ ਹਿੱਤਵਾਦ ਦਾ ਨਮੂਨਾ ਹੈ, ਜਿਸ ਨੇ ਦੇਸ਼ ਦੇ ਸੱਭਿਆਚਾਰਕ ਇਤਿਹਾਸ ਵਿਚ ਆਪਣਾ ਮਹਾਨ ਯੋਗਦਾਨ ਪਾਇਆ ਹੈ।"

ਭਗਤ ਪੂਰਨ ਸਿੰਘ ਦਾ ਜਨਮ ਪਿੰਡ ਰਾਜੇਵਾਲ ਰੋਹਣੋ, ਜ਼ਿਲ੍ਹਾ ਲੁਧਿਆਣਾ ਵਿਚ ਸ੍ਰੀਮਤੀ ਮਹਿਤਾਬ ਕੌਰ ਦੀ ਕੁੱਖੋਂ ਸ੍ਰੀ ਛਿੱਬੂ ਮੱਲ ਦੇ ਘਰ 4 ਜੂਨ 1904 ਨੂੰ ਹੋਇਆ । 88 ਸਾਲਾਂ ਦੇ ਇਸ ਬਜ਼ੁਰਗ ਦੇ ਨੈਣਾਂ ਵਿਚ ਚਮਕ ਸੀ, ਤੋਰ ਵਿਚ ਚੁਸਤੀ ਸੀ । ਉਸ ਦੀ ਕਮਰ ਸਿੱਧੀ ਸੀ, ਉਹ ਲੂਲ੍ਹੇ ਪਿਆਰਾ ਸਿੰਘ ਨੂੰ ਰਿਕਸ਼ਾ-ਗੱਡੀ ਵਿਚ ਪਾ ਕੇ, ਅੱਗੇ ਜੁੱਪਾ ਸਾਈਕਲ ਆਪ ਚਲਾ ਕੇ, ਰੋਜ਼ ਸਵੇਰੇ ਸ੍ਰੀ ਦਰਬਾਰ ਸਾਹਿਬ ਲੈ ਕੇ ਜਾਂਦਾ ਤੇ ਰਾਤੀਂ ਮੋੜ ਕੇ ਲੈ ਆਉਂਦਾ ਸੀ ।

ਭਗਤ ਜੀ ਨੇ ਗ਼ਰੀਬੀ ਤੇ ਔਕੜਾਂ ਵਿੱਚੋਂ ਉੱਚਾ ਉੱਠ ਕੇ ਸਵੈ-ਭਰੋਸੇ ਨਾਲ ਆਪਣੇ ਲਈ ਸਮਾਜ ਵਿਚ ਉਹ ਥਾਂ ਬਣਾ ਲਈ ਸੀ ਜਿੱਥੇ ਦੇਸ਼-ਪ੍ਰਦੇਸ਼ ਵਿਚ ਬੈਠੇ ਲੋਕ ਉਨ੍ਹਾਂ ਤੋਂ ਹਰ ਪ੍ਰਕਾਰ ਦੀ ਅਗਵਾਈ ਦੀ ਆਸ ਰੱਖਦੇ ਸਨ । ਭਗਤ ਜੀ ਕੇਵਲ ਪੰਜਾਬ ਵਿਚ ਹੀ ਨਹੀਂ, ਸਗੋਂ ਭਾਰਤ ਦੇ ਕੋਨੇ ਕੋਨੇ ਵਿਚ ਤੇ ਭਾਰਤ ਤੋਂ ਬਾਹਰ ਵੀ ਆਪਣੇ ਅਨੋਖੇ ਕਾਰਜਾਂ ਕਰਕੇ ਜਾਣੇ ਜਾਂਦੇ ਸਨ।

ਦੀਵਾਨ ਅਨੰਦ ਕੁਮਾਰ, ਜੋ ਪੰਜਾਬ ਯੂਨੀਵਰਸਿਟੀ ਦਾ ਉਪ-ਕੁਲਪਤੀ ਤੇ ਯੂਨੀਵਰਸਿਟੀ ਕਮਿਸ਼ਨ ਦਾ ਮੈਂਬਰ ਵੀ ਰਿਹਾ, ਭਗਤ ਜੀ ਨੂੰ ਆਪਣਾ ਸਖਾ ਤੇ ਮਿੱਤਰ ਕਿਹਾ ਕਰਦਾ ਸੀ। ਉਸ ਨੇ ਲਾਹੌਰ ਤੇ ਅੰਮ੍ਰਿਤਸਰ ਵਿਚ ਪੈਂਤੀ ਵਰ੍ਹੇ ਦਾ ਲੰਮਾ ਸਮਾਂ ਭਗਤ ਜੀ ਦੇ ਕਾਰਜਾਂ ਨੂੰ ਵੇਖ ਕੇ ੧੯੬੬ ਵਿਚ ਕਿਹਾ ਸੀ :



"ਮੈਂ ਭਗਤ ਜੀ ਨੂੰ ਜਨ-ਭਲਾਈ ਦੇ ਕੰਮਾਂ ਲਈ ਅਦੁੱਤੀ ਭਾਂਤ ਉਤਸ਼ਾਹਿਤ ਵੇਖਿਆ ਹੈ । ਉਨ੍ਹਾਂ ਦਾ ਜੀਵਨ ਤਿਆਗ, ਲਗਨ, ਆਪਾ ਵਾਰਨ ਤੇ ਸੰਤੋਖ ਦਾ ਜੀਵਨ ਹੈ । ਉਨ੍ਹਾਂ ਦਾ ਇਕੋ ਇਕ ਆਹਰ ਤੇ ਸੱਚਮੁੱਚ ਜੀਵਨ ਦਾ ਇਕੋ ਇਕ ਆਦਰਸ਼ ਹੈ—ਸਿਆਣਪ ਭਰਿਆ, ਪਵਿੱਤਰ ਤੇ ਸਿਰਜਨਾਤਮਿਕ ਉਪਕਾਰ । ਇਸ ਸੰਬੰਧ ਵਿਚ ਕੋਈ ਵੀ ਸਮਾਜਿਕ ਕੰਮ ਉਨ੍ਹਾਂ ਦੀ ਨਜ਼ਰ ਵਿਚ ਛੋਟਾ ਤੇ ਹੀਣਾ ਨਹੀਂ ਜੋ ਉਨ੍ਹਾਂ ਦਾ ਧਿਆਨ ਨਾ ਖਿੱਚੇ। ਬਹੁਤੇ ਛੋਟੇ ਕੰਮਾਂ, ਜਿਵੇਂ ਗੰਦ, ਕੂੜੇ ਨੂੰ ਚੁੱਕਣਾ, ਕੇਲਿਆਂ ਦੇ ਛਿੱਲੜਾਂ, ਖੁਰੀਆਂ, ਕੱਚ ਦੇ ਟੋਟਿਆਂ ਤੇ ਕੂੜਾ-ਕਰਕਟ ਪੱਥਰ ਆਦਿ ਨੂੰ ਰਾਹ ਵਿਚੋਂ ਚੁੱਕਣ ਤੋਂ ਆਰੰਭ ਕਰਕੇ ਉਨ੍ਹਾਂ ਦਾ ਕਾਰਜ-ਖੇਤਰ ਮਾਨਵ-ਕਲਿਆਣ ਦੇ ਪਿੰਗਲਵਾੜੇ ਵਰਗੇ ਵੱਡੇ ਕਾਰਜ ਤਕ ਪਹੁੰਚ ਗਿਆ ਹੈ। ਬਿਮਾਰਾਂ, ਅਪਾਹਿਜਾਂ ਦੀ ਦੇਖਭਾਲ ਦਾ ਇਹ ਕਾਰਜ ਏਨਾ ਵੱਡਾ ਹੋ ਗਿਆ ਹੈ ਕਿ ਹੁਣ ਇਹ ਇਕ ਵਿਅਕਤੀ ਦਾ ਕੰਮ ਨਹੀਂ ਰਿਹਾ, ਸਗੋਂ ਸਭਨਾਂ ਦੇ ਹੀ ਧਿਆਨ ਦਾ ਹੱਕ ਰੱਖਦਾ ਹੈ ।"

ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਹੋਰ ਪੰਥਕ ਆਗੂਆਂ ਨੇ ਭਗਤ ਜੀ ਦੇ ਸ਼ਰਧਾਂਜਲੀ ਸਮਾਰੋਹ ਸਮੇਂ ਭਗਤ ਜੀ ਨੂੰ ਨਿਆਸਰਿਆਂ ਦਾ ਆਸਰਾ, ਗ਼ਰੀਬ ਤੇ ਦੁਖੀਆਂ ਦਾ ਮਸੀਹਾ, ਸੇਵਾ ਦਾ ਬਾਬਾ ਬੋਹੜ, ਵਰਤਮਾਨ ਭਾਈ ਘਨੱਈਆ ਆਦਿ ਵਿਸ਼ੇਸ਼ਣਾਂ ਨਾਲ ਯਾਦ ਕੀਤਾ । ਉਸ ਦੀਵਾਨ ਦੀ ਆਮ ਰਾਏ ਸੀ ਕਿ **"ਪਿੰਗਲਵਾੜਾ ਇਕ ਐਸਾ ਆਸ਼ਰਮ ਹੈ ਜਿੱਥੇ ਦੀਨਾਂ, ਦੁਖੀਆਂ, ਰੋਗੀਆਂ, ਅਪਾਹਿਜਾਂ, ਯਤੀਮਾਂ, ਵਿਧਵਾਵਾਂ ਤੇ ਬੇਆਸਰਾ ਬੁੱਢਿਆਂ ਦੀ ਦੇਖਭਾਲ, ਇਲਾਜ ਤੇ ਰੋਟੀ-ਕੱਪੜੇ ਦਾ ਪ੍ਰਬੰਧ ਬਿਨਾਂ ਕਿਸੇ ਵਿਤਕਰੇ ਦੇ, ਸਭ ਧਰਮਾਂ ਤੇ ਵਰਗਾਂ ਦੇ ਲੋੜਵੰਦਾਂ ਲਈ ਕੀਤਾ ਜਾਂਦਾ ਹੈ ।"** ਭਗਤ ਪੂਰਨ ਸਿੰਘ ਦੀ ਮਨੁੱਖ ਜਾਤੀ ਦੀ ਸੇਵਾ ਉਸੇ ਕੋਟੀ ਦੀ ਹੈ, ਜਿਸ ਕੋਟੀ ਦੀ ਮਦਰ ਟੈਰੇਸਾ ਦੀ, ਜਿਸ ਪਿੱਛੇ ਉਸ ਨੂੰ ਨੋਬਲ ਪ੍ਰਾਈਜ਼ ਦਿੱਤਾ ਗਿਆ ਹੈ। ਪ੍ਰੰਤੂ ਕੁਝ ਪੱਖਾਂ ਤੋਂ ਵਾਚਿਆਂ ਭਗਤ ਪੂਰਨ ਸਿੰਘ ਦੀ ਸਮਾਜ ਸੇਵਾ ਮਦਰ ਟੈਰੇਸਾ ਦੀ ਸੇਵਾ ਨਾਲੋਂ ਵਧੇਰੇ ਬਿਖਮ ਦਿੱਸ ਆਉਂਦੀ ਹੈ । ਪਹਿਲਾਂ, ਮਦਰ ਟੈਰੇਸਾ ਦੇ ਨਾਲ ਦਰਜਨ ਕੁ ਦੇ ਕਰੀਬ ਉਸ ਵਰਗੀਆਂ ਹੀ ਤਨਦੇਹੀ ਨਾਲ ਕੰਮ ਕਰਨ ਵਾਲੀਆਂ ਸੇਵਿਕਾਵਾਂ (Nuns )ਸਨ, ਜਦੋਂ ਕਿ ਭਗਤ ਪੂਰਨ ਸਿੰਘ ਨੂੰ ਇਕੱਲਿਆਂ ਨੰਗੇ ਧੜ ਜੂਝਣਾ ਪੈ ਰਿਹਾ ਸੀ। ਦੂਜਾ, ਮਦਰ ਟੈਰੇਸਾ ਦੀ ਪਿੱਠ 'ਤੇ ਵਿਸ਼ਾਲ ਸਾਧਨਾਂ ਵਾਲਾ ਇਸਾਈ ਚਰਚ ਸੀ, ਜਦੋਂ ਕਿ ਭਗਤ ਪੂਰਨ ਸਿੰਘ ਨੂੰ ਕੰਮ ਚਲਾਉਣ ਲਈ ਲੋੜੀਂਦੀ ਮਾਇਆ ਹਿੱਤ

ਦਰ-ਬ-ਦਰ ਜਾ ਕੇ ਆਪ ਧੱਕੇ ਖਾਣੇ ਪੈਂਦੇ ਸਨ। ਤੀਸਰਾ, ਮਦਰ ਟੈਰੇਸਾ ਤੇ ਉਸ ਦੀਆਂ ਸੇਵਿਕਾਵਾਂ ਨੂੰ ਇਸਤ੍ਰੀਆਂ ਹੋਣ ਦੇ ਨਾਤੇ, ਇਸਤ੍ਰੀਆਂ ਵਰਗਾ ਕੋਮਲ ਦਿਲ ਤੇ ਸੇਵਾ ਦੀ ਪ੍ਰਵਿਰਤੀ ਕੁਦਰਤ ਵੱਲੋਂ ਹੀ ਹਾਸਲ ਸੀ, ਜਿਹੜੀ ਕਿ ਪੂਰਨ ਸਿੰਘ ਦੇ ਇਕ ਮਰਦ ਹੋਣ ਦੇ ਨਾਤੇ ਵਿਲੱਖਣ ਚੀਜ਼ ਹੀ ਸੀ ।

ਭਗਤ ਜੀ ਸਰਕਾਰੀ ਪੁਰਸਕਾਰਾਂ ਤੇ ਵਡਿਆਈਆਂ ਦੇ ਲਾਲਚ ਕਰਕੇ ਮਾਨਵ-ਸੇਵਾ ਨਹੀਂ ਸੀ ਕਰਦੇ, ਸਗੋਂ ਮਨੁੱਖ-ਮਾਤਰ ਦੀ ਸੇਵਾ ਤਾਂ ਆਪ ਦਾ ਇਸ਼ਕ ਸੀ । ਆਪਣੀ ਜਵਾਨੀ ਦੇ 24 ਸਾਲਾਂ ਦਾ ਉਤਸ਼ਾਹਜਨਕ ਸਮਾਂ ਆਪ ਨੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਚ ਬਤੀਤ ਕਰਨ ਸਮੇਂ ਹੀ ਆਪਣੇ ਕੋਮਲ ਹਿਰਦੇ ਵਿਚ ਇਹ ਪ੍ਰਭਾਵ ਗ੍ਰਹਿਣ ਕਰ ਲਿਆ ਸੀ ਕਿ ਉਹ ਆਪਣਾ ਸਾਰਾ ਜੀਵਨ ਹੀ ਸਮਾਜ ਦੀ ਸੇਵਾ ਵਿਚ ਲਗਾ ਦੇਣਗੇ ਤੇ ਇਹ ਪ੍ਰਣ ਆਪ ਨੇ ਕੇਸਾਂ-ਸੁਆਸਾਂ ਨਾਲ ਨਿਭਾਇਆ। ਸੇਵਾ ਦੇ ਨਾਲ ਨਾਲ ਭਗਤ ਜੀ ਦਾ ਮਨ ਸਹਿਜੇ ਹੀ ਗੁਰਬਾਣੀ ਤੇ ਗੁਰਮਤਿ ਨੂੰ ਸਮਝਣ ਵਿਚ ਵੀ ਲੱਗਦਾ ਗਿਆ ਜਿਸ ਦਾ ਪ੍ਰਤੱਖ ਪ੍ਰਮਾਣ ਅਸੀਂ ਆਪ ਜੀ ਵੱਲੋਂ ਲਿਖੇ ਇਸ਼ਤਿਹਾਰਾਂ,ਕਿਤਾਬਚਿਆਂ ਤੇ ਪੁਸਤਕਾਂ ਵਿੱਚੋਂ ਵੇਖ ਸਕਦੇ ਹਾਂ। ਆਪਣੀ ਇਸ ਪ੍ਰਾਪਤੀ ਨੂੰ ਭਗਤ ਜੀ ਸਤਿਗੁਰੂ ਦੀ ਦੇਣ ਹੀ ਮੰਨਦੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਉਨ੍ਹਾਂ ਨੂੰ ਜੋ ਕੁਝ ਵੀ ਪ੍ਰਾਪਤ ਹੋਇਆ ਹੈ ਉਹ ਗੁਰਦੁਆਰਿਆਂ ਦੀ ਅਤੇ ਦੀਨ-ਦੁਖੀਆਂ ਦੀ ਸੇਵਾ ਅਤੇ ਗੁਰਮਤਿ ਦੀ ਸੋਝੀ ਕਰਕੇ ਪ੍ਰਾਪਤ ਹੋਇਆ । ਗੁਰਬਾਣੀ ਤੇ ਗੁਰਮਤਿ ਦੇ ਪ੍ਰਚਾਰ ਖ਼ਾਤਰ ਆਪ ਨੇ ਅਨੇਕਾਂ ਕਿਤਾਬਚੇ ਤੇ ਪੁਸਤਕਾਂ ਵਿਦਵਾਨਾਂ ਪਾਸੋਂ ਲਿਖਵਾ ਕੇ ਮੁਫ਼ਤ ਵੰਡੀਆਂ, ਜਿਨ੍ਹਾਂ ਵਿਚ ਕੁਝ ਵਿਸ਼ੇਸ਼ ਹਨ :

**ਗੁਰਬਾਣੀ ਦਾ ਸ਼ੁੱਧ ਉਚਾਰਣ, ਕ੍ਰਿਤ ਧੰਨਾ ਸਿੰਘ, ਕਮਿਸ਼ਨਰ (ਰਿਟਾ:), ਪਟਿਆਲਾ**

**ਗੁਰਸ਼ਬਦ ਰਤਨ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ**

**ਗੁਰੂ ਗ੍ਰੰਥ ਵਿਚਾਰ ਕੋਸ਼, ਸੰਪਾਦਕ ਪ੍ਰੋ. ਪਿਆਰਾ ਸਿੰਘ ਪਦਮ**

**ਦੇਗ ਤੇਗ ਫ਼ਤਹਿ, ਡਾ.ਹਰਬੰਸ ਸਿੰਘ (ਅੰਗਰੇਜ਼ੀ ਤੇ ਪੰਜਾਬੀ)**

**ਅਨੰਦ ਸਾਹਿਬ, ਪ੍ਰੋ. ਨਰੈਣ ਸਿੰਘ (ਅੰਗਰੇਜ਼ੀ)**

**ਜਪੁ ਜੀ ਸਾਹਿਬ ਟੀਕਾ ਤੇ ਵਿਆਖਿਆ, ਪ੍ਰੋ.ਨਰੈਣ ਸਿੰਘ (ਅੰਗਰੇਜ਼ੀ ਤੇ ਪੰਜਾਬੀ)**

**ਸਿੱਖ ਧਰਮ ਦੀਆਂ ਬੁਨਿਆਦਾਂ, ਪ੍ਰੋ. ਨਰੈਣ ਸਿੰਘ**

**ਓਅੰਕਾਰ 'ਚੋਂ ਮਾਣਕ ਮੋਤੀ, ਪ੍ਰੋ. ਨਰੈਣ ਸਿੰਘ**



ਜੋ ਇਸ਼ਤਿਹਾਰ, ਕਿਤਾਬਚੇ ਤੇ ਪੁਸਤਕਾਂ ਭਗਤ ਜੀ ਨੇ ਆਪ ਲਿਖ ਕੇ ਲੱਖਾਂ ਦੀ ਗਿਣਤੀ ਵਿਚ ਆਏ ਦਾਨੀਆਂ ਤੇ ਸ਼ਰਧਾਲੂਆਂ ਵਿਚ ਵੰਡੀਆਂ, ਉਹ ਉੱਪਰਲੀਆਂ ਪੁਸਤਕਾਂ ਤੋਂ ਵੱਖਰੀਆਂ ਹਨ । ਭਗਤ ਜੀ ਦੇ ਹਿਰਦੇ ਵਿਚ ਗੁਰਬਾਣੀ ਦੇ ਪ੍ਰਚਾਰ ਲਈ ਕਿਤਨਾ ਪਿਆਰ ਤੇ ਸਤਿਕਾਰ ਸੀ, ਇਸ ਦਾ ਪਤਾ ਇਸ ਗੱਲ ਤੋਂ ਲੱਗ ਜਾਂਦਾ ਹੈ ਕਿ ਜਿੱਥੇ ਹੋਰ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਗੁਰਬਾਣੀ ਦੇ ਗੁਟਕੇ ਛਪਵਾ ਕੇ ਲਾਗਤ-ਮੁੱਲ 'ਤੇ ਵੇਚਦੀਆਂ ਹਨ, ਉੱਥੇ ਭਗਤ ਜੀ ਬਜ਼ਾਰੋਂ ਖ਼ਰੀਦ ਕੇ ਪ੍ਰੇਮੀਆਂ ਨੂੰ ਮੁਫ਼ਤ ਵੰਡਦੇ ਸਨ ।

ਇਕ ਵਾਰੀ ਲੇਖਕ ਨੇ ਭਗਤ ਜੀ ਕੋਲੋਂ ਉਨ੍ਹਾਂ ਦੇ ਬਚਪਨ ਬਾਰੇ ਜਾਣਕਾਰੀ ਲੈਣ ਦੇ ਵਿਚਾਰ ਨਾਲ ਜਦੋਂ ਉਨ੍ਹਾਂ ਨੂੰ ਬੇਨਤੀ ਕੀਤੀ ਤਾਂ ਲੇਖਕ ਨੂੰ ਯਾਦ ਹੈ ਕਿ ਭਗਤ ਜੀ ਵਿਸਮਾਦ ਦੀ ਹਾਲਤ ਵਿਚ ਆ ਕੇ ਕਹਿਣ ਲੱਗੇ, "ਮੇਰਾ ਬਚਪਨ ਸਹਿਜ਼ਾਦਿਆਂ ਵਾਂਗ ਬੀਤਿਆ ਹੈ । ਮੇਰਾ ਪਿਤਾ ਪਿੰਡ ਦਾ ਸ਼ਾਹੂਕਾਰ ਸੀ ਤੇ ਸਾਡੇ ਘਰ ਵਿਚ ਕਿਸੇ ਚੀਜ਼ ਦੀ ਘਾਟ ਨਹੀਂ ਸੀ । ਸਾਡੀ ਹਵੇਲੀ ਵਿਚ ਦੇਸੀ ਘਿਉ, ਬੂਰਾ ਖੰਡ ਤੇ ਗੁੜ ਦੀਆਂ ਮੱਟੀਆਂ ਨਾਲ-ਨਾਲ ਪਈਆਂ ਹੁੰਦੀਆਂ ਸਨ । ਦੁੱਧ, ਮਲਾਈ, ਘਿਉ, ਮੱਖਣ, ਖਾਣ ਨੂੰ ਖੁੱਲ੍ਹਾ ਮਿਲਦਾ ਸੀ। ਕਣਕ, ਝੋਨਾ, ਮੱਕੀ ਤੇ ਕਪਾਹ ਦੇ ਢੇਰ ਸਾਡੀ ਹਵੇਲੀ ਵਿਚ ਲੱਗੇ ਰਹਿੰਦੇ ਸਨ । ਪਿੰਡ ਦੇ ਸ਼ਾਹੂਕਾਰ ਦਾ ਪੁੱਤਰ ਹੋਣ ਕਰਕੇ ਸਾਰਾ ਪਿੰਡ ਮੇਰੇ ਮੂਹਰੇ 'ਜੀ-ਜੀ' ਕਰਦਾ ਫਿਰਦਾ ਸੀ । ਪਰ ਮੇਰੇ ਬਚਪਨ ਦੀ ਸਭ ਤੋਂ ਪਿਆਰੀ ਯਾਦ ਮੇਰੀ ਮਾਂ ਦਾ ਪਿਆਰ ਹੈ ਜੋ ਮੈਂ ਰੱਜ ਕੇ ਮਾਣਿਆ ਹੈ।" ਅੱਗੇ ਚੱਲ ਕੇ ਭਗਤ ਜੀ ਨੇ ਕਿਹਾ, "ਮਾਵਾਂ ਤਾਂ ਮਾਵਾਂ ਹੀ ਹੁੰਦੀਆਂ ਹਨ । ਸਭ ਬੱਚਿਆਂ ਨੂੰ ਮਾਵਾਂ ਤੋਂ ਵੱਧ ਤੋਂ ਵੱਧ ਪਿਆਰ ਮਿਲਦਾ ਹੈ । ਪਰ ਮੇਰੀ ਮਾਂ ਤਾਂ ਪਿਆਰ ਤੇ ਸੇਵਾ ਦੀ ਸਾਕਾਰ ਮੂਰਤ ਸੀ । ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਦਸਵੀਂ ਜਮਾਤ ਵਿਚ ਪੜ੍ਹਦਾ ਵੀ ਮੈਂ ਆਪਣੀ ਮਾਂ ਦੇ ਨਾਲ ਸੌਂਦਾ ਹੁੰਦਾ ਸਾਂ। ਮੇਰੀ ਮਾਂ ਨੇ ਮੈਨੂੰ ਮਹਾਂਪੁਰਸ਼ਾਂ ਦੀਆਂ ਸਾਖੀਆਂ ਸੁਣਾ-ਸੁਣਾ ਕੇ ਮੇਰੇ ਆਚਰਣ ਦਾ ਵਿਕਾਸ ਕੀਤਾ ਹੈ । ਮੇਰੀ ਮਾਂ ਨੇ ਮੇਰੇ ਅੰਦਰ ਕੋਮਲ ਅਹਿਸਾਸ ਪੈਦਾ ਕੀਤੇ ਹਨ । ਮੇਰੀ ਮਾਂ ਦੇ ਬੁੱਲ੍ਹ ਹਰ ਸਮੇਂ ਸਿਮਰਨ ਵਿਚ ਹਿੱਲਦੇ ਰਹਿੰਦੇ ਸਨ। ਜਦੋਂ ਉਸ ਦੇ ਮਨ ਵਿਚ ਤਰਸ ਦੀ ਭਾਵਨਾ ਉਪਜਦੀ ਤਾਂ ਉਹ ਕੜਕਦੀ ਧੁੱਪ ਵਿਚ ਪਸ਼ੂਆਂ ਦੇ ਚੋਂਣੇ ਨੂੰ ਪਾਣੀ ਪਿਲਾਉਣ ਲੱਗ ਪੈਂਦੀ । ਅੱਸੀ ਹੱਥ ਡੂੰਘੀ ਖੂਹੀ ਵਿੱਚੋਂ ਪਾਣੀ ਖਿੱਚਦੀ ਰਹਿੰਦੀ ਤੇ ਪਸ਼ੂਆਂ ਤੇ ਰਾਹੀਆਂ ਨੂੰ ਪਿਆਉਂਦੀ ਰਹਿੰਦੀ । ਸੱਚਮੁੱਚ ਮੇਰੀ ਮਾਂ ਇਕ ਕਲਾਕਾਰ ਸੀ, ਜਿਸ ਨੇ ਮੈਨੂੰ ਤੇ ਮੇਰੀ ਸ਼ਖ਼ਸੀਅਤ ਨੂੰ ਬੜੀ ਸ਼ਰਧਾ ਤੇ ਪਿਆਰ ਨਾਲ

ਘੜਿਆ ਤੇ ਸਵਾਰਿਆ।" ਜਦੋਂ ਲੇਖਕ ਨੇ ਪੁੱਛਿਆ ਕਿ ਆਪਣੀ ਮਾਤਾ ਦੀਆਂ ਕਹੀਆਂ ਕੁਝ ਗੱਲਾਂ ਦੱਸੋ ਤਾਂ ਭਗਤ ਜੀ ਦੀਆਂ ਅੱਖਾਂ 'ਚ ਚਮਕ ਆਈ ਤੇ ਕਹਿਣ ਲੱਗੇ, "ਮੈਨੂੰ ਯਾਦ ਹੈ ਜਦੋਂ ਮੇਰੀ ਉਮਰ ਨੌਂ ਕੁ ਸਾਲਾਂ ਦੀ ਸੀ ਤਾਂ ਮੈਂ ਬੜਾ ਬਿਮਾਰ ਹੋ ਗਿਆ । ਮੇਰੀ ਮਾਂ ਗੋਡਿਆਂ ਪਰਨੇ ਹੋ ਕੇ ਪ੍ਰਾਰਥਨਾ ਕਰਦੀ ਕਹੀ ਜਾਂਦੀ ਸੀ, "ਰੱਬਾ ! ਮੇਰਾ ਪੁੱਤ ਰਾਜ਼ੀ ਹੋ ਜਾਏ, ਇਹ ਤੇਰੇ ਹੀ ਕੰਮ ਕਰਿਆ ਕਰੇਗਾ", ਤੇ ਸੱਚਮੁੱਚ ਮੈਨੂੰ ਵਿਸ਼ਵਾਸ ਹੈ ਕਿ ਮੈਂ ਆਪਣੀ ਮਾਂ ਦੀ ਅਰਦਾਸ ਸਦਕਾ ਹੀ ਰਾਜ਼ੀ ਹੋ ਗਿਆ ਸਾਂ । ਉਹਨਾਂ ਕਿਹਾ, "ਇਹੋ ਕਾਰਨ ਹੈ ਕਿ ਮੇਰੇ ਆਚਰਣ ਉੱਤੇ ਮੇਰੀ ਸੁਹਿਰਦ, ਸੁਯੋਗ ਅਤੇ ਸੁਚੱਜੀ ਮਾਤਾ ਦੇ ਵਿਚਾਰਾਂ ਤੇ ਸੰਸਕਾਰਾਂ ਦੀ ਅਮਿੱਟ ਛਾਪ ਹੈ । ਮੇਰੀ ਮਾਂ ਨੇ ਆਪਣਾ ਸਮੁੱਚਾ ਪਿਆਰ ਤੇ ਸਮੁੱਚੀਆਂ ਰੀਝਾਂ ਮੇਰੇ ਉੱਤੋਂ ਕੁਰਬਾਨ ਕੀਤੀਆਂ । ਰਾਹ ਵਿਚ ਕੋਈ ਵੱਟਾ ਰੋੜਾ ਪਿਆ ਵੇਖਦੀ ਤਾਂ ਮੈਨੂੰ ਰਾਹ ਵਿੱਚੋਂ ਹਟਾ ਦੇਣ ਲਈ ਕਹਿੰਦੀ । ਕੋਈ ਮੰਗਤਾ ਦਰ 'ਤੇ ਮੰਗਣ ਆਉਂਦਾ ਤਾਂ ਮੇਰੇ ਕੋਲੋਂ ਦੋਹਾਂ ਹੱਥਾਂ ਦੀ ਬੁੱਕ ਭਰਾ ਕੇ ਉਸ ਨੂੰ ਦਾਣੇ ਪੁਆਉਂਦੀ । ਇਸ ਤਰ੍ਹਾਂ ਮੇਰੇ ਅੰਦਰ ਸੇਵਾ, ਪਰਉਪਕਾਰ, ਦੁੱਖ ਵੰਡਣ, ਤਿਆਗ ਵਰਗੀਆਂ ਆਦਤਾਂ ਪੈਦਾ ਹੋ ਗਈਆਂ । ਅੱਜ ਵੀ ਕਈ ਲੋਕ ਮੈਨੂੰ ਸੜਕਾਂ ਵਿਚ ਪਏ ਇੱਟਾਂ-ਵੱਟੇ ਆਦਿ ਚੁੱਕਦਿਆਂ ਵੇਖਦੇ ਹਨ ਤਾਂ ਮੈਨੂੰ ਝੱਲਾ, ਖੱਬਤੀ, ਪਾਗਲ ਸਮਝਦੇ ਹਨ ਤੇ ਮੇਰੀ ਖਿੱਲੀ ਉਡਾਉਂਦੇ ਹਨ, ਪਰ ਉਨ੍ਹਾਂ ਦੇ ਇਸ ਤਰ੍ਹਾਂ ਕਰਨ ਨਾਲ ਵੀ ਮੈਨੂੰ ਗੁੱਸਾ ਨਹੀਂ ਆਉਂਦਾ ਸਗੋਂ ਅਕਹਿ ਅਨੰਦ ਆਉਂਦਾ ਹੈ ।"

ਧਰਤੀ ਦੀ ਢਾਹ (Soil Erosion), ਜੰਗਲਾਂ ਦੀ ਅੰਧਾਧੁੰਦ ਕਟਾਈ, ਅੰਨ-ਸੰਕਟ, ਦਰਿਆਵਾਂ ਦੇ ਹੋ ਚੁੱਕੇ ਗੰਦੇ ਪਾਣੀ ਨਾਲ ਵਾਤਾਵਰਨ ਦਾ ਦੂਸ਼ਿਤ ਹੋਣਾ, ਵਧਦੀ ਅਬਾਦੀ, ਗ਼ਰੀਬੀ ਅਤੇ ਅਨਪੜ੍ਹਤਾ, ਬੇਰੁਜ਼ਗਾਰੀ, ਧਾਰਮਿਕ ਤੇ ਸਮਾਜਿਕ ਸਿੱਖਿਆ ਦੀ ਘਾਟ, ਸੜਕਾਂ ਤੇ ਰੇਲਾਂ ਦੇ ਹਾਦਸੇ, ਮੋਟਰਾਂ ਤੇ ਮੋਟਰਸਾਈਕਲਾਂ ਤੇ ਕਾਰਖ਼ਾਨਿਆਂ ਦੀਆਂ ਚਿਮਨੀਆਂ ਦੇ ਧੂੰਏਂ ਤੋਂ ਵਾਤਾਵਰਨ ਦਾ ਦੂਸ਼ਿਤ ਹੋਣਾ, ਪ੍ਰਾਇਮਰੀ ਸਿੱਖਿਆ ਦਾ ਚੰਗਾ ਪ੍ਰਬੰਧ ਨਾ ਹੋਣਾ, ਅਧਿਕ ਟੀ.ਵੀ. ਵੇਖਣ ਦੇ ਮਾੜੇ ਅਸਰ ਤੇ ਮਾਵਾਂ ਦਾ ਬੱਚਿਆਂ ਨੂੰ ਛਾਤੀਆਂ ਤੋਂ ਦੁੱਧ ਨਾ ਚੁੰਘਾਉਣਾ ਆਦਿ ਕਈ ਐਸੀਆਂ ਸਮੱਸਿਆਵਾਂ ਹਨ, ਜਿਨ੍ਹਾਂ ਤੋਂ ਭਗਤ ਜੀ ਚਿੰਤਤ ਰਹਿੰਦੇ ਸਨ । ਜਦੋਂ ਉਨ੍ਹਾਂ ਨੂੰ ਇਹ ਪੁੱਛਿਆ ਕਿ ਤੁਸੀਂ ਪਿੰਗਲਵਾੜੇ ਨਾ ਬੈਠ ਕੇ ਏਥੇ ਹਰਿਮੰਦਰ ਸਾਹਿਬ ਦੇ ਬਾਹਰ ਕਿਉਂ ਬੈਠਦੇ ਹੋ ਤਾਂ ਕਹਿਣ ਲੱਗੇ, "ਮੈਂ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਉਣ ਵਾਲੇ ਯਾਤਰੂਆਂ ਤੇ ਸ਼ਰਧਾਲੂਆਂ ਨੂੰ ਆਪਣਾ ਲਿਖਿਆ ਤੇ ਛਾਪਿਆ ਲਿਟਰੇਚਰ ਵੱਡੀ ਮਾਤਰਾ ਵਿਚ ਵੰਡਦਾ ਹਾਂ ਤਾਂ ਮੈਨੂੰ ਖ਼ੁਸ਼ੀ ਤੇ ਸੰਤੁਸ਼ਟੀ



ਮਿਲਦੀ ਹੈ, ਉਸ ਦਾ ਬਿਆਨ ਸ਼ਬਦਾਂ ਵਿਚ ਨਹੀਂ ਕੀਤਾ ਜਾ ਸਕਦਾ । ਇਸ ਤਰ੍ਹਾਂ ਕਰਕੇ ਮੈਂ ਹਰ ਵੇਲੇ ਪ੍ਰਸੰਨ ਤੇ ਚੜ੍ਹਦੀਆਂ ਕਲਾਂ ਵਿਚ ਰਹਿੰਦਾ ਹਾਂ ।"

ਜਦੋਂ ਲੇਖਕ ਨੇ ਭਗਤ ਜੀ ਕੋਲੋਂ ਪੁੱਛਿਆ, "ਤੁਹਾਡੀਆਂ ਸਮਾਜ ਪ੍ਰਤੀ ਕੀਤੀਆਂ ਸੇਵਾਵਾਂ ਦੇ ਬਦਲੇ ਵਿਚ ਭਾਰਤ ਸਰਕਾਰ ਨੇ ਤੁਹਾਨੂੰ '**ਪਦਮਸ਼੍ਰੀ**' ਦੀ ਉਪਾਧੀ ਨਾਲ ਨਿਵਾਜਿਆ ਸੀ, ਪਰ ਤੁਸਾਂ '**ਨੀਲਾ ਤਾਰਾ ਘੱਲੂਘਾਰਾ**' ਤੋਂ ਪਿੱਛੋਂ ਰੋਸ ਵਜੋਂ ਉਹ ਉਪਾਧੀ ਵਾਪਸ ਕਰ ਦਿੱਤੀ, ਕਿਉਂ?" ਤਾਂ ਉਹ ਦ੍ਰਿੜ੍ਹਤਾ ਨਾਲ ਕਹਿਣ ਲੱਗੇ, "ਪਹਿਲੀ ਗੱਲ ਤਾਂ ਇਹ ਕਿ ਮੈਂ ਉਪਾਧੀਆਂ, ਪੁਰਸਕਾਰਾਂ ਆਦਿ ਵਿਚ ਵਿਸ਼ਵਾਸ ਨਹੀਂ ਰੱਖਦਾ । ਸੇਵਾ ਉਹ ਹੀ ਹੁੰਦੀ ਹੈ ਜੋ ਨਿਸ਼ਕਾਮ ਹੋ ਕੇ ਕੀਤੀ ਜਾਵੇ । ਜਿਸ ਸੇਵਾ ਕਰਨ ਸਮੇਂ ਲੋਭ,ਲਾਲਚ ਵਡਿਆਈ ਆਦਿ ਸਾਹਮਣੇ ਹੋਵੇ, ਉਹ ਨਿਸ਼ਕਾਮ ਸੇਵਾ ਨਹੀਂ ਕਹੀ ਜਾ ਸਕਦੀ। ਉਨ੍ਹਾਂ ਗੁਰੂ ਅਰਜਨ ਸਾਹਿਬ ਦੀ ਉਚਾਰੀ ਹੋਈ ਤੁਕ ਪੜ੍ਹੀ '**ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥**' ਤੇ ਕਹਿਣ ਲੱਗੇ, "ਹਰਿਮੰਦਰ ਸਾਹਿਬ ਉੱਤੇ ਹੋਏ ਫ਼ੌਜੀ ਆਕਰਮਣ ਤੇ ਅਕਾਲ ਤਖ਼ਤ ਸਾਹਿਬ ਦੇ ਢਾਹੇ ਜਾਣ ਅਤੇ ਅਨੇਕਾਂ ਬੇਕਸੂਰ ਬੱਚੇ, ਇਸਤ੍ਰੀਆਂ, ਨੌਜਵਾਨਾਂ ਤੇ ਬਜ਼ੁਰਗਾਂ ਦਾ ਕੋਹੇ ਜਾਣਾ ਮੇਰੇ ਹਿਰਦੇ ਨੂੰ ਵਲੂੰਧਰ ਗਿਆ ਸੀ ਤੇ ਮੈਂ ਇਹ ਬਰਦਾਸ਼ਤ ਨਹੀਂ ਸਾਂ ਕਰ ਸਕਿਆ ਕਿ ਇਤਨੇ ਉਪੱਦ੍ਰਵ ਹੋਣ ਤੋਂ ਬਾਅਦ ਵੀ ਮੈਂ 'ਪਦਮ ਸ਼੍ਰੀ' ਨਾਲ ਚੰਬੜਿਆ ਰਹਾਂ । ਮੈਂ ਰੋਸ ਦੇ ਪ੍ਰਗਟਾਵੇ ਵਜੋਂ ਇਕ ਪੱਤਰ ਰਾਸ਼ਟਰਪਤੀ ਨੂੰ ਲਿਖ ਕੇ ਆਪਣੀ ਉਪਾਧੀ ਮੋੜ ਦਿੱਤੀ । ਮੈਨੂੰ ਸਿੱਖ ਸੰਗਤਾਂ ਵੱਲੋਂ ਮਿਲਿਆ ਤੇ ਮਿਲ ਰਿਹਾ ਪਿਆਰ ਤੇ ਸਤਿਕਾਰ ਇਹਨਾਂ ਸਾਰੀਆਂ ਉਪਾਧੀਆਂ ਆਦਿ ਤੋਂ ਉੱਪਰ ਹੈ । ਸਤਿਗੁਰੂ ਦੀ ਮਿਹਰ ਦਾ ਟਾਕਰਾ ਸੰਸਾਰਕ ਉਪਾਧੀਆਂ ਨਹੀਂ ਕਰ ਸਕਦੀਆਂ ।"

ਭਗਤ ਪੂਰਨ ਸਿੰਘ ਜੀ ਦੀ ਮਾਤਾ ਧਾਰਮਿਕ ਵਿਚਾਰਾਂ ਵਾਲੀ ਇਕ ਸਾਧਾਰਣ ਇਸਤਰੀ ਸੀ । ਉਹ ਰਾਮ ਦੀ ਭਗਤ ਸੀ। ਜਦ ਉਸ ਦੇ ਘਰ 4 ਜੂਨ 1904 ਨੂੰ ਇਕ ਬੱਚੇ ਨੇ ਜਨਮ ਲਿਆ ਤਾਂ ਉਸ ਦਾ ਨਾਂ ਰੱਖਿਆ '**ਰਾਮਜੀ ਦਾਸ**' । ਰਾਮਜੀ ਦਾਸ ਦੇ ਬਚਪਨ ਦੇ ਸੰਸਕਾਰ ਧਾਰਮਿਕ ਵਿਚਾਰਾਂ ਵਾਲੀ ਮਾਂ ਦੀ ਸਿੱਖਿਆ ਕਰਕੇ ਕੱਟੜ ਸਨਾਤਨ ਧਰਮੀ ਬਣ ਚੁੱਕੇ ਸਨ । ਉਹ ਹਨੂੰਮਾਨ ਚਾਲੀਸੇ ਦੇ ਸੱਤ ਪਾਠ ਰੋਜ਼ ਕਰਦਾ ਤੇ ਹਫ਼ਤੇ ਵਿਚ ਤਿੰਨ ਦਿਨ ਵਰਤ ਰੱਖਦਾ ਸੀ । ਦਸਵੀਂ ਦਾ ਇਮਤਿਹਾਨ ਦੇ ਕੇ ਜਦੋਂ ਰਾਮਜੀ ਦਾਸ ਆਪਣੇ ਪਿੰਡ ਜਾਣ ਲੱਗਾ ਤਾਂ ਉਹ ਲੁਧਿਆਣੇ ਸ਼ਿਵਜੀ ਦੇ ਮੰਦਰ ਦਰਸ਼ਨ ਕਰਨ ਚਲਾ ਗਿਆ । ਉਸ ਨੇ ਉੱਥੇ ਖੂਹ 'ਚੋਂ ਪਾਣੀ ਕੱਢ-ਕੱਢ ਕੇ ਠਾਕੁਰਾਂ ਦੀਆਂ ਮੂਰਤੀਆਂ ਦਾ ਮਲ-ਮਲ ਕੇ ਇਸ਼ਨਾਨ ਕਰਾਇਆ ਤੇ ਉਨ੍ਹਾਂ

ਉੱਤੇ ਜੰਮੀ ਮੈਲ ਲਾਹੀ । ਉਪਰੰਤ ਠਾਕੁਰਾਂ ਨੂੰ ਨਿਸ਼ਚਿਤ ਥਾਂ 'ਤੇ ਟਿਕਾ ਕੇ ਡੰਡਾਉਤ ਬੰਦਨਾ ਕੀਤੀ । ਇਹ ਸਭ ਕੁਝ ਵੇਖ ਕੇ ਮੰਦਰ ਦਾ ਪੁਜਾਰੀ ਹੈਰਾਨ ਵੀ ਹੋਇਆ ਤੇ ਪ੍ਰਭਾਵਤ ਵੀ। ਉਸ ਮੰਦਰ ਵਿਚ ਸੰਸਕ੍ਰਿਤ ਪੜ੍ਹਨ ਵਾਲੇ ਪੰਜ ਵਿਦਿਆਰਥੀ ਵੀ ਸਨ । ਠਾਕੁਰਾਂ ਦੀ ਪ੍ਰੇਮ ਨਾਲ ਕੀਤੀ ਸੇਵਾ ਵੇਖ ਕੇ ਉਹ ਵੀ ਹੈਰਾਨ ਹੋਏ । ਇਤਫ਼ਾਕ ਨਾਲ ਉਸ ਸਮੇਂ ਉਨ੍ਹਾਂ ਦੀ ਰੋਟੀ ਖਾਣ ਦਾ ਵੇਲਾ ਹੋ ਗਿਆ ਤੇ ਉਹ ਰੋਟੀ ਖਾਣ ਲਈ ਬੈਠ ਗਏ । ਰਾਮਜੀ ਦਾਸ ਵੀ ਉਨ੍ਹਾਂ ਦੇ ਨਾਲ ਹੀ ਬੈਠ ਗਿਆ ਪਰ ਪੁਜਾਰੀ ਨੇ ਉਸ ਨੂੰ ਬਾਂਹ ਤੋਂ ਫੜ ਕੇ ਉਠਾ ਦਿੱਤਾ। ਰਾਮਜੀ ਦਾਸ ਦੇ ਦਿਲ ਨੂੰ ਬੜੀ ਠੇਸ ਲੱਗੀ। ਉਹ ਰੋਣਹਾਕਾ ਹੋ ਗਿਆ । ਉਹ ਭੁੱਖਣ ਭਾਣਾ ਲੁਧਿਆਣਾ ਤੋਂ ਪੈਦਲ ਹੀ ਖੰਨੇ ਵੱਲ ਚਲ ਪਿਆ । ਰਸਤੇ ਵਿਚ ਗੁਰਦੁਆਰਾ 'ਰੇਰੂ ਸਾਹਿਬ' ਆਇਆ । ਰਾਮਜੀ ਦਾਸ ਰਾਤ ਉੱਥੇ ਹੀ ਠਹਿਰ ਗਿਆ। ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਗੁਰਦੁਆਰੇ ਵਿਚ ਨਗਾਰਾ ਖੜਕਿਆ ਜੋ ਇਸ ਗੱਲ ਦਾ ਸੰਕੇਤ ਸੀ ਕਿ ਲੰਗਰ ਛਕਣ ਵਾਲੇ ਗੁਰੂ ਦੇ ਲੰਗਰ ਵਿਚ ਪੁੱਜ ਜਾਣ। ਰਾਮਜੀ ਦਾਸ ਵੀ ਪੰਗਤ ਵਿਚ ਜਾ ਬੈਠਾ । ਬਿਨਾਂ ਕਿਸੇ ਵਿਤਕਰੇ ਦੇ ਸਭ ਨੂੰ ਗੁੜ ਵਾਲੇ ਚੌਲ, ਦੇਸੀ ਘਿਉ ਵਾਲੀ ਦਾਲ ਤੇ ਲੋਹ ਦੇ ਪ੍ਰਸ਼ਾਦੇ ਵਰਤਾਏ ਗਏ । ਸੇਵਾਦਾਰ ਬੜੀ ਨਿਮਰਤਾ ਤੇ ਮਿੱਠਤ ਨਾਲ ਆਖਦੇ ਸਨ, "ਪ੍ਰਸ਼ਾਦਾ ਲਉ ਗੁਰਮੁਖੋ, ਚੌਲ ਲਉ ਪਿਆਰਿਉ, ਦਾਲਾ ਲਉ ਗੁਰਮੁਖੋ !" ਰਾਮਜੀ ਦਾਸ ਹੈਰਾਨ ਵੀ ਹੋਈ ਜਾਏ ਤੇ ਤ੍ਰਿਪਤ ਵੀ। ਉਹ ਸਵੇਰ ਦਾ ਭੁੱਖਾ ਤੇ ਤ੍ਰਿਹਾਇਆ ਹੋਇਆ ਸੀ । ਇੱਥੇ ਰਾਤ ਨੂੰ ਸੌਣ ਲਈ ਮੰਜਾ-ਬਿਸਤਰਾ ਵੀ ਉਸ ਨੂੰ ਦਿੱਤਾ ਗਿਆ । ਸਵੇਰੇ ਫੇਰ ਚਾਹ, ਲੱਸੀ ਆਦਿ ਸਭ ਮੁਸਾਫ਼ਰਾਂ ਨੂੰ ਛਕਾਈ ਗਈ । ਰਾਮਜੀ ਦਾਸ ਚਕ੍ਰਿਤ ਹੋਈ ਜਾਏ ਤੇ ਸੋਚੀ ਜਾਏ ਕਿ ਕੱਲ੍ਹ ਉਹ ਅਪਮਾਨਿਤ ਕਰਕੇ ਪੰਗਤ 'ਚੋਂ ਉਠਾ ਦਿੱਤਾ ਗਿਆ ਸੀ ਤੇ ਅੱਜ ਉਹ ਹੀ ਰਾਮਜੀ ਦਾਸ ਅਨੰਦ-ਅਨੰਦ ਹੋ ਰਿਹਾ ਸੀ । "ਗੁਰੂ ਕਾ ਲੰਗਰ, ਗੁਰੂ ਕੀ ਸਰ੍ਹਾਂ" ਐਸੀਆਂ ਖਿੱਚਾਂ ਹਨ ਜੋ ਵਿਅਕਤੀ ਨੂੰ ਆਪਣੇ ਆਪ 'ਗੁਰੂ ਘਰ' ਨਾਲ ਜੋੜ ਦਿੰਦੀਆਂ ਹਨ । **ਰਾਮਜੀ ਦਾਸ ਨੇ ਸੋਚਿਆ, "ਮੈਂ ਤਾਂ ਉਸ ਘਰ ਆ ਗਿਆ ਹਾਂ, ਜਿੱਥੇ ਆ ਕੇ ਕੋਈ ਬੇਘਰਾ ਨਹੀਂ ਰਹਿੰਦਾ, ਬੇਆਸਰਾ ਨਹੀਂ ਰਹਿੰਦਾ । ਉਹ ਘਰ ਵਾਲਾ ਹੋ ਜਾਂਦਾ ਹੈ । ਉਸ ਨੂੰ ਆਸਰਾ ਮਿਲ ਜਾਂਦਾ ਹੈ ।"**

ਗੁਰਦੁਆਰਾ ਰੇਰੂ ਸਾਹਿਬ ਵਿਚ ਗੁਜ਼ਾਰੀ ਇਕ ਰਾਤ ਤੇ ਲੁਧਿਆਣਾ ਦੇ ਸ਼ਿਵਜੀ ਮੰਦਰ ਵਿਚ ਬਿਤਾਏ ਕੁਝ ਘੰਟੇ ਰਾਮਜੀ ਦਾਸ ਦੇ ਜੀਵਨ ਵਿਚ ਪਰਿਵਰਤਨ ਲਿਆਉਣ ਵਾਲੇ ਸਿੱਧ ਹੋਏ । ਜਦੋਂ ਰਾਮਜੀ ਦਾਸ ਲਾਹੌਰ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਹੇਠ ਆਇਆ ਤਾਂ



ਗੁਰਦੁਆਰਾ ਸਾਹਿਬ ਦਾ ਪਵਿੱਤਰ ਮਾਹੌਲ ਤੇ ਮਹੰਤ ਸਾਹਿਬ ਭਾਈ ਕਿਸ਼ਨ ਸਿੰਘ ਜੀ ਦੇ ਸੁਹਿਰਦ ਵਤੀਰੇ ਨੇ ਰਾਮਜੀ ਦਾਸ ਨੂੰ 'ਪੂਰਨ ਸਿੰਘ' ਬਣਾ ਦਿੱਤਾ। 'ਪੰਥ ਦੇ ਦਿਮਾਗ' ਗਿਆਨੀ ਕਰਤਾਰ ਸਿੰਘ ਜੀ ਨੇ ਪਿਆਰ ਨਾਲ ਪੂਰਨ ਸਿੰਘ ਦੇ ਨਾਂ ਦੇ ਅਗੇਤਰ 'ਭਗਤ' ਸ਼ਬਦ ਲਗਾ ਕੇ ਉਸ ਨੂੰ ਭਗਤ ਪੂਰਨ ਸਿੰਘ ਬਣਾ ਦਿੱਤਾ । ਇਹੋ ਭਗਤ ਪੂਰਨ ਸਿੰਘ ਪ੍ਰਸਿੱਧ, ਸਮਾਜ-ਸੇਵਕ, ਸਮਾਜ-ਸੁਧਾਰਕ, ਦੀਨ-ਦੁਖੀਆਂ ਦਾ ਰਾਖਾ, ਪੀੜਿਤ ਤੇ ਰੋਗੀ ਲੋਕਾਂ ਦਾ ਮਸੀਹਾ, ਅਨਾਥ ਬੱਚਿਆਂ ਤੇ ਬੇਸਹਾਰਾ ਲੜਕੀਆਂ ਤੇ ਔਰਤਾਂ ਨੂੰ ਪਿਤਰੀ ਪਿਆਰ ਦੇਣ ਵਾਲਾ ਭਗਤ ਪੂਰਨ ਸਿੰਘ, ਬਾਨੀ ਪਿੰਗਲਵਾੜਾ ਅੰਮ੍ਰਿਤਸਰ ਬਣਿਆ ।

ਭਗਤ ਪੂਰਨ ਸਿੰਘ ਆਪਣੇ ਆਪ ਨੂੰ ਗੁਰੂ ਘਰ ਦਾ ਪਹਿਰੇਦਾਰ ਕਹਿ ਕੇ ਖ਼ੁਸ਼ ਹੁੰਦਾ ਸੀ । ਉਹ ਹਰ ਰੋਜ਼ ਗੁਰੂ ਦੇ ਦਰ 'ਤੇ ਪਹਿਰਾ ਦੇਣ ਨੇਮ ਨਾਲ ਜਾਇਆ ਕਰਦਾ ਸੀ । ਅਚਾਨਕ 20 ਜੂਨ 1992 ਨੂੰ ਹਿਚਕੀ ਦੀ ਤਕਲੀਫ਼ ਹੋ ਗਈ । ਅੱਗੇ ਵੀ ਦੋ ਤਿੰਨ ਵਾਰੀ ਐਸੀ ਤਕਲੀਫ਼ ਹੋ ਚੁੱਕੀ ਸੀ। ਜਦੋਂ ਔਹਰ ਹੁੰਦੀ ਡਾਕਟਰ ਬੀਬੀ ਇੰਦਰਜੀਤ ਕੌਰ, ਸੰਗਰੂਰ ਵਾਲੀ ਭਗਤ ਜੀ ਦੀ ਧਰਮ-ਪੁੱਤਰੀ ਆਉਂਦੀ ਤੇ 'ਪਿਤਾ ਭਗਤ ਨੂੰ' ਆਪਣੇ ਕੋਲ ਸੰਗਰੂਰ ਲੈ ਜਾਂਦੀ । ਕਈ ਕਈ ਮਹੀਨੇ ਆਪਣੇ ਕੋਲ ਰੱਖਦੀ । ਇਲਾਜ ਕਰਦੀ, ਸੇਵਾ ਕਰਦੀ, ਆਪਣੇ ਹੱਥੀਂ ਭੋਜਨ ਖੁਆਉਂਦੀ, ਸਿਰ ਦੀ ਮਾਲਸ਼ ਕਰਦੀ, ਇਸ਼ਨਾਨ ਕਰਾਉਂਦੀ ਤੇ ਨੌ-ਬਰ-ਨੌ ਕਰ ਕੇ ਪਿੰਗਲਵਾੜੇ ਵਾਪਸ ਭੇਜ ਦਿੰਦੀ।

ਪਰ ਐਤਕੀਂ 20 ਜੂਨ 1992 ਨੂੰ ਆਈ ਫੇਰ ਮੁੜ ਕੇ ਆਪ ਵੀ ਨਾ ਜਾ ਸਕੀ । ਭਗਤ ਜੀ ਨੂੰ 21 ਜੂਨ ਨੂੰ ਸਰਦਾਰ ਵਰਿਆਮ ਸਿੰਘ ਦੇ ਨਰਸਿੰਗ ਹੋਮ ਵਿਚ ਦਾਖ਼ਲ ਕਰਾਇਆ ਗਿਆ । 21-22 ਨੂੰ ਕੁਝ ਟੈਸਟ ਹੋਏ ਤੇ 23 ਜੂਨ 1992 ਨੂੰ ਡਾਕਟਰਾਂ ਦੇ ਪੈਨਲ ਨੇ ਭਗਤ ਜੀ ਦੇ ਪੇਟ ਦਾ ਸਫਲ ਓਪ੍ਰੇਸ਼ਨ ਕਰ ਦਿੱਤਾ। ਬੀਬੀ ਇੰਦਰਜੀਤ ਕੌਰ ਇਕ ਸੈਕਿੰਡ ਵਾਸਤੇ ਵੀ ਭਗਤ ਜੀ ਦੇ ਬਿਸਤਰੇ ਤੋਂ ਦੂਰ ਨਹੀਂ ਗਈ । ਸੇਵਾ-ਸਿਮਰਨ ਵਿਚ ਜੁੱਟੀ ਰਹੀ । ਪਰ ਅਚਾਨਕ ਜ਼ਖ਼ਮਾਂ 'ਚੋਂ ਲਹੂ ਸਿੰਮ ਪਿਆ । ਤਸ਼ਖ਼ੀਸ ਹੋਈ, ਪਰ ਭਗਤ ਜੀ ਅਡੋਲ । ਇਲਾਜ ਚੱਲਦਾ ਰਿਹਾ । ਪਹਿਲੀ ਜੁਲਾਈ ਨੂੰ ਸ. ਬੇਅੰਤ ਸਿੰਘ ਮੁੱਖ-ਮੰਤਰੀ ਪੰਜਾਬ ਭਗਤ ਜੀ ਦੀ ਮਿਜ਼ਾਜ-ਪੁਰਸ਼ੀ ਨੂੰ ਆਇਆ। ਭਗਤ ਜੀ ਨੇ ਆਪਣੇ ਦੁੱਖ ਬਾਰੇ ਕੋਈ ਗੱਲ ਨਹੀਂ ਕੀਤੀ । ਗੱਲਾਂ ਕੀਤੀਆਂ ਤਾਂ ਪਾਗਲਖ਼ਾਨੇ ਦੇ ਮਰੀਜ਼ਾਂ ਆਦਿ ਬਾਰੇ। ਮੁੱਖ-ਮੰਤਰੀ ਹਸਪਤਾਲ 'ਚੋਂ ਗਿਆ ਤਾਂ ਲੇਖਕ ਭਗਤ ਜੀ ਪਾਸ ਹਾਜ਼ਰ ਹੋ ਗਿਆ । ਸਦਾ ਦੀ ਤਰ੍ਹਾਂ ਚੜ੍ਹਦੀ ਕਲਾ

ਵਿਚ ਭਗਤ ਜੀ ਮੇਰੇ ਨਾਲ ਗੱਲਾਂ ਕਰਦੇ ਰਹੇ, ਜੋ ਉਨ੍ਹਾਂ ਮੁੱਖ-ਮੰਤਰੀ ਨਾਲ ਕੀਤੀਆਂ ਸਨ । ਕੋਈ ਰੰਜ ਨਹੀਂ, ਮਲਾਲ ਨਹੀਂ, ਪੀੜਾ ਨਹੀਂ । ਖਿੜਿਆ ਮਸਤਕ, ਚਮਕਦੀਆਂ ਅੱਖਾਂ, ਦੋਵੇਂ ਹੱਥ ਜੋੜ ਕੇ ਉਨ੍ਹਾਂ ਨੇ ਮੇਰੀ ਫ਼ਤਹਿ ਦਾ ਉੱਤਰ ਦਿੱਤਾ । ਉਸੇ ਰਾਤ ਅਚਾਨਕ ਹਾਲਤ ਵਿਗੜ ਗਈ । ਤਸ਼ਖ਼ੀਸ ਹੋਈ। ਦੋ ਜੁਲਾਈ ਨੂੰ ਪੀ.ਜੀ.ਆਈ. ਤੋਂ ਡਾਕਟਰਾਂ ਦੀ ਟੀਮ ਆਈ । ਉਨ੍ਹਾਂ ਦਾ ਮਸ਼ਵਰਾ ਸੀ ਕਿ ਭਗਤ ਜੀ ਨੂੰ ਪੀ.ਜੀ.ਆਈ ਲਿਜਾਇਆ ਜਾਵੇ । ਤਿੰਨ ਜੁਲਾਈ ਨੂੰ ਭਗਤ ਜੀ ਹਵਾਈ ਜਹਾਜ਼ ਰਾਹੀਂ ਪੀ.ਜੀ.ਆਈ. ਚੰਡੀਗੜ੍ਹ ਪੁੱਜ ਗਏ । ਸਭ ਨਜ਼ਰਾਂ ਚੰਡੀਗੜ੍ਹ ਵੱਲ । ਭਗਤ ਜੀ ਦੀ ਦੇਹ-ਅਰੋਗਤਾ ਲਈ ਮੁੜ ਅਰਦਾਸਾਂ ਤੇ ਜੋਦੜੀਆਂ ।

ਪੀ.ਜੀ.ਆਈ. ਵਿਚ ਦੋਬਾਰਾ ਸਫਲ ਓਪ੍ਰੇਸ਼ਨ ਹੋਇਆ । ਕਮਜ਼ੋਰੀ ਵਧ ਗਈ । ਨਾਲ ਹੀ ਦਿਲ ਦੇ ਫੇਫੜੇ ਦੀ ਤਕਲੀਫ਼ ਹੋ ਗਈ । ਭਗਤ ਜੀ ਬੇਹੋਸ਼ੀ ਦੀ ਹਾਲਤ ਵਿਚ ਚਲੇ ਗਏ । ਆਕਸੀਜਨ, ਗੁਲੂਕੋਸ, ਬਣਾਵਟੀ ਸਾਹ-ਕ੍ਰਿਆ ਸ਼ੁਰੂ ਹੋ ਗਈ । 20 ਜੁਲਾਈ ਨੂੰ ਫੇਫੜੇ ਤੇ ਗਲੇ ਦੀ ਖ਼ਰਾਬੀ ਕਾਰਨ ਤਕਲੀਫ਼ ਵਧ ਗਈ । ਹੁਣ ਭਗਤ ਜੀ ਨੂੰ ਪੂਰਾ ਇਕ ਮਹੀਨਾ ਅੰਮ੍ਰਿਤਸਰ ਤੇ ਚੰਡੀਗੜ੍ਹ ਦੇ ਹਸਪਤਾਲਾਂ ਵਿਚ ਹੋ ਗਿਆ ਸੀ । ਦੇਸ-ਪ੍ਰਦੇਸ ’ਚੋਂ ਭਗਤ ਜੀ ਦੀ ਸਿਹਤ ਬਾਰੇ ਪੁੱਛਾਂ, ਦੇਹ-ਅਰੋਗਤਾ ਵਾਸਤੇ ਅਖੰਡ ਪਾਠਾਂ ਦੀ ਲੜੀ ਆਰੰਭ । ਅਰਦਾਸਾਂ ਜੋਦੜੀਆਂ ਸਤਿਗੁਰੂ ਦੇ ਚਰਨਾਂ ਵਿਚ। ਪਰ ਹਾਲਾਤ ਦੱਸਦੇ ਸਨ ਕਿ ਦਰਗਾਹੀ ਸੱਦੇ ਆਉਣ ਵਾਲੇ ਹਨ । ਅੰਤ 5 ਅਗਸਤ 1992 ਨੂੰ ਬਾਅਦ ਦੁਪਹਿਰ ਭਗਤ ਜੀ ਸਤਿਗੁਰੂ ਦੇ ਚਰਨਾਂ ਵਿਚ ਜਾ ਬਿਰਾਜੇ । '**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥**' (ਅੰਗ ੮੪੬); ਸੰਗਤਾਂ ਵੀ ਥਾਂ ਥਾਂ 'ਤੇ ਪੜ੍ਹ ਰਹੀਆਂ ਸਨ—

'**ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ॥ ੧੪॥੧੯॥**

-o-



## ਭਗਤ ਪੂਰਨ ਸਿੰਘ—ਇਕ ਸੰਤ ਸੇਵਕ

ਜੇ ਮੇਰੀ ਯਾਦਦਾਸ਼ਤ ਠੀਕ ਕੰਮ ਕਰਦੀ ਹੈ ਤਾਂ ਮੈਂ ਕਹਿ ਸਕਦਾ ਹਾਂ ਕਿ ਮੈਂ ਭਗਤ ਪੂਰਨ ਸਿੰਘ ਨੂੰ ਸਭ ਤੋਂ ਪਹਿਲਾਂ ਲਾਹੌਰ ਵਿਚ ਮਿਲਿਆ ।

ਸੋਹਣਾ, ਸੁਨੱਖਾ, ਲੰਮਾ, ਉੱਚਾ, ਚੰਗਾ ਗੱਠੇ ਹੋਏ ਸਰੀਰ ਵਾਲਾ ਅਤੇ ਤੇੜ ਕਛਹਿਰਾ ਪਾਇਆ ਹੋਇਆ, ਉਹ ਇਕਦਮ ਆਪਣੇ ਬਾਰੇ ਅਤੇ ਆਪਣੇ ਮਿਸ਼ਨ ਬਾਰੇ ਗੱਲਾਂ ਕਰਨ ਲੱਗ ਪਿਆ । ਉਹ ਇਨ੍ਹਾਂ ਗੱਲਾਂ ਨਾਲ ਇਸ ਤਰ੍ਹਾਂ ਭਰਿਆ ਹੋਇਆ ਲੱਗਦਾ ਸੀ ਜਿਵੇਂ ਇਕ ਅੰਬ ਮਿੱਠੇ ਰਸ ਨਾਲ ਭਰਿਆ ਹੋਵੇ ।

“ਮੈਂ ਤਾਂ ਸੇਵਾਦਾਰ ਹਾਂ ਅਤੇ ਮੇਰੀ ਜ਼ਿੰਦਗੀ ਦਾ ਮਿਸ਼ਨ ਰੋਗੀਆਂ ਅਤੇ ਨਿਤਾਣਿਆਂ ਦੇ ਦੁੱਖਾਂ ਨੂੰ ਦੂਰ ਕਰਨਾ ਹੈ । ਮੈਂ ਤੁਹਾਡੀ ਮਦਦ ਲੈਣ ਆਇਆ ਹਾਂ।” ਭਗਤ ਪੂਰਨ ਸਿੰਘ ਨੇ ਮੈਨੂੰ ਦੱਸਿਆ ।

“ਸਮਾਜਿਕ ਕੰਮਾਂ ਵਿਚ ਤੁਹਾਡੀ ਦਿਲਚਸਪੀ ਬਾਰੇ ਮੈਂ ਸੁਣਿਆ ਹੋਇਆ ਹੈ । ਮੈਂ ਇਹ ਚਾਹੁੰਦਾ ਹਾਂ ਕਿ ਤੁਸੀਂ ਉਸ ਕੰਮ ਵਿਚ ਆਪਣੇ ਆਪ ਨੂੰ ਖੁਭੋ ਲਵੋ, ਜਿਹੜਾ ਮੈਂ ਛੋਹਿਆ ਹੋਇਆ ਹੈ । ਮੈਂ ਇਹ ਵੀ ਚਾਹੁੰਦਾ ਹਾਂ ਕਿ ਤੁਸੀਂ ਆਪਣੇ ਕੁਝ ਮਿੱਤਰਾਂ ਨੂੰ ਵੀ ਇਸ ਗੱਲ ਵਿਚ ਸ਼ਾਮਲ ਕਰੋ। ਦੁਨੀਆਂ ਵਿਚ ਬੜੇ ਦੁੱਖ ਹਨ ਅਤੇ ਸ਼ਾਇਦ ਹਰ ਵਿਅਕਤੀ ਇਸ ਦੀ ਨਿਵਿਰਤੀ ਲਈ ਕੁਝ ਨਾ ਕੁਝ ਹਿੱਸਾ ਪਾ ਸਕਦਾ ਹੈ । ਆਓ ! ਅਸੀਂ ਵੀ ਆਪਣਾ ਹਿੱਸਾ ਪਾਈਏ", ਭਗਤ ਜੀ ਨੇ ਮੈਨੂੰ ਸੰਬੋਧਨ ਹੁੰਦਿਆਂ ਕਿਹਾ ।

ਭਗਤ ਜੀ ਅਤੇ ਮੈਂ ਪਿਛਲੇ ਕੋਈ ਪਚਵੰਜਾ ਸਾਲਾਂ ਤੋਂ ਇਕ ਦੂਜੇ ਦੇ ਬਹੁਤ ਨੇੜੇ ਹਾਂ । ਇਤਫ਼ਾਕ ਨਾਲ ਮੈਨੂੰ ਅਜਿਹੇ ਹੀ ਹੋਰ ਵਿਅਕਤੀ ਡਾਕਟਰ ਵਿਦਿਆ ਸਾਗਰ ਨਾਲ ਸੰਬੰਧਤ ਹੋਣ ਦਾ ਮਾਣ ਮਿਲਿਆ ਹੈ । ਇਹ ਦੋਵੇਂ ਸ਼ਖ਼ਸੀਅਤਾਂ ਮਾਨਵ ਸੇਵਾ ਵਿਚ ਜੁੱਟੀਆਂ ਹੋਈਆਂ ਹਨ ।

ਭਗਤ ਪੂਰਨ ਸਿੰਘ, ਜਿਹੜੇ ੫ ਅਗਸਤ ੧੯੯੨ ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ, ਦਾ ਜਨਮ ੪ ਜੂਨ ੧੯੦੪ ਨੂੰ ਲੁਧਿਆਣਾ ਜ਼ਿਲ੍ਹਾ, ਤਹਿਸੀਲ ਖੰਨਾ ਦੇ ਨੇੜੇ, ਪਿੰਡ ਰਾਜੇਵਾਲ ਰੋਹਣੋਂ ਵਿਚ ਹੋਇਆ। ਦਸਵੀਂ ਜਮਾਤ ਵਿਚ ਪੜ੍ਹਦਿਆਂ ਇਨ੍ਹਾਂ ਦੇ ਪਿਤਾ ਜੀ ਦੀ ਮੌਤ ਹੋ ਗਈ , ਜਿਸ

ਕਾਰਨ ਇਨ੍ਹਾਂ ਨੂੰ ਆਪਣੀ ਪੜ੍ਹਾਈ ਵਿਚੇ ਹੀ ਛੱਡਣੀ ਪਈ । ਇਨ੍ਹਾਂ ਦੇ ਪਿਤਾ ਲਾਲਾ ਸ਼ਿੱਬੂ ਮਲ ਇਕ ਸ਼ਾਹੂਕਾਰ ਸਨ ਅਤੇ ਮਾਤਾ ਮਹਿਤਾਬ ਕੌਰ ਧਰਮ ਕਰਮ ਵਾਲੀ ਇਕ ਪਵਿੱਤਰ ਇਸਤਰੀ ਸੀ। ਭਗਤ ਜੀ ਨੇ ਨੌਕਰੀ ਦੀ ਤਲਾਸ਼ ਵਿਚ ਆਪਣੇ ਪਿੰਡੋਂ ਆ ਕੇ ਗੁਰੂ ਅਰਜਨ ਦੇਵ ਜੀ ਦੀ ਯਾਦਗਾਰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਚ ਸ਼ਰਨ ਲਈ। ਉੱਥੇ ਆਪ ਨੇ ਗੁਰੂ ਘਰ ਦਾ ਸੇਵਾਦਾਰ ਬਣ ਕੇ ਸੇਵਾ ਆਰੰਭੀ ।

ਬੇਸਹਾਰਾ ਤੇ ਰੋਗੀ ਵਿਅਕਤੀਆਂ ਦੀ ਸੇਵਾ ਕਰਨਾ ਉਨ੍ਹਾਂ ਦਾ ਸ਼ੁਗਲ ਸੀ । ਇਕ ਬੰਦਾ, ਜਿਸ ਨੇ ਦਸਵੀਂ ਵੀ ਪਾਸ ਨਾ ਕੀਤੀ ਹੋਵੇ, ਉਹ ਹਰ ਵਿਸ਼ੇ ਦੀਆਂ ਪੁਸਤਕਾਂ ਦੇ ਗਿਆਨ ਵਿਚ ਮਾਹਿਰ ਤੇ ਪ੍ਰਸਿੱਧ ਹੋਣ ਲੱਗ ਪਿਆ । ਆਮ ਤੌਰ ’ਤੇ ਉਹ ਨਿਸਬਤ ਰੋਡ ਲਾਹੌਰ ਦੀ ਦਿਆਲ ਸਿੰਘ ਲਾਇਬ੍ਰੇਰੀ ਵਿਚ ਕਿਤਾਬਾਂ ਪੜ੍ਹਦੇ ਨਜ਼ਰ ਆਉਂਦੇ ਸਨ, ਜਿਹੜੇ ਅਜਿਹੀਆਂ ਪੁਸਤਕਾਂ ਦੇ ਇਕ ਚੰਗੇ ਗਿਆਤਾ ਵਜੋਂ ਉਭਰੇ ਅਤੇ ਉਨ੍ਹਾਂ ਦੀ ਦਿਲਚਸਪੀ ਅੰਗਰੇਜ਼ੀ, ਸੰਸਕ੍ਰਿਤ ਤੇ ਇਤਿਹਾਸ ਮਿਥਿਹਾਸ ਦੇ ਵਿਸ਼ੇ ਤੋਂ ਲੈ ਕੇ ਵਾਤਾਵਰਣ ਪ੍ਰਦੂਸ਼ਣ ਤਕ ਫੈਲੀ ਹੋਈ ਸੀ, ਜਿਸ ਦਾ ਪ੍ਰਚਾਰ ਅੱਜ ਵੀ ਉਸੇ ਤਰ੍ਹਾਂ ਚੱਲ ਹੀ ਰਿਹਾ ਹੈ। ਆਪਣੀ ਦਿਲਚਸਪੀ ਦੇ ਹਰ ਇਕ ਵਿਸ਼ੇ ਉੱਪਰ ਭਗਤ ਜੀ ਨੇ ਦਰਜਨਾਂ ਕਿਤਾਬਚੇ ਪ੍ਰਕਾਸ਼ਤ ਕੀਤੇ ਹਨ ਅਤੇ ਜ਼ਿੰਦਗੀ ਦੇ ਅੱਡੋ ਅੱਡ ਪੱਖਾਂ ਨੂੰ ਵਾਪਰਨ ਵਾਲੇ ਖ਼ਤਰਿਆਂ ਤੋਂ ਜਾਣੂ ਕਰਨ ਬਾਰੇ ਵੀ ਕਿਤਾਬਚੇ ਉਨ੍ਹਾਂ ਲਿਖੇ ਹਨ ।

ਉਹ ਕਿਸੇ ਛੋਟੇ ਤਬਕੇ ਦੀ ਯੋਗਤਾ ਵਾਲੇ ਲੇਖਕ ਜਾਂ ਬੁਲਾਰੇ ਨਹੀਂ ਸਨ । ਆਪਣੀਆਂ ਲਿਖਤਾਂ ਜਾਂ ਭਾਸ਼ਨਾਂ ਵਿਚ ਉਹ ਅਨੇਕਾਂ ਧਰਮ ਗ੍ਰੰਥਾਂ ਦੇ ਹਵਾਲੇ ਦਿੰਦੇ ਹੁੰਦੇ ਸਨ ਅਤੇ ਆਪਣੇ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕਰਨ ਵਿਚ ਸਫਲ ਹੁੰਦੇ ਸਨ ।

ਭਗਤ ਜੀ ਦੀ ਇਕ ਆਦਤ ਬਣ ਗਈ ਸੀ ਕਿ ਉਹ ਜਦੋਂ ਵੀ ਕਿਤੇ ਜਾਂਦੇ ਤਾਂ ਗਲੀਆਂ, ਬਜ਼ਾਰਾਂ ਦੀਆਂ ਸੜਕਾਂ ’ਤੇ ਪਏ ਇੱਟਾਂ, ਰੋੜੇ ਤੇ ਘਾਹ ਫੂਸ, ਛਿੱਲੜਾਂ ਆਦਿ ਨੂੰ ਚੁੱਕ ਕੇ ਇਕ ਪਾਸੇ ਕਰ ਦਿੰਦੇ ਸਨ । ਲਾਹੌਰ ਵਿਚ ਲੋਕੀਂ ਉਸ ਨੂੰ ਕੇਲੇ ਦੇ ਛਿੱਲੜਾਂ ਵਾਲਾ ਬਾਬਾ ਕਹਿ ਕੇ ਛੇੜਦੇ । ਭਗਤ ਜੀ ਦੀ ਇਹ ਆਦਤ ਅੰਤਲੇ ਪੜਾਅ ਤਕ ਉਹਨਾਂ ਦੇ ਨਾਲ ਨਿਭੀ । ਕੋਈ ਅਣਜਾਣ ਆਦਮੀ ਰਾਹ ਜਾਂਦਿਆਂ ਕੇਲੇ ਦੇ ਛਿਲਕੇ ਤੋਂ ਫਿਸਲ ਕੇ ਆਪਣੀ ਜਾਨ ਤੋਂ ਹੱਥ ਵੀ ਧੋ ਸਕਦਾ ਹੈ ਅਤੇ ਜੇ ਉਸ ਛਿਲਕੇ ਨੂੰ ਇਕ ਪਾਸੇ ਸੁੱਟ ਦਿੱਤਾ ਜਾਵੇ ਤਾਂ ਉਸਦੀ ਜਾਨ ਨੂੰ ਕੋਈ ਖ਼ਤਰਾ ਨਹੀਂ ਹੋ ਸਕਦਾ ।

ਸਾਲ ੧੯੩੪ ਵਿਚ ਉਹ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਬੂਹੇ ਅੱਗਿਉਂ ਇਕ ਲੂਲ੍ਹਾ ਅਤੇ ਗੂੰਗਾ ਬੱਚਾ ਚੁੱਕ ਲਿਆਏ । ਉਸ ਨੂੰ



ਨੁਹਾਇਆ-ਧੁਆਇਆ ਤੇ ਖਾਣ ਨੂੰ ਕੁਝ ਦਿੱਤਾ । ਲੋਕੀਂ ਬੜੀ ਰੀਝ ਨਾਲ ਭਗਤ ਜੀ ਨੂੰ ਇਕ ਲੂਲ੍ਹਾ ਲੰਗੜਾ ਬੱਚਾ ਮੋਢੇ ’ਤੇ ਚੁੱਕਿਆ ਹੋਇਆ ਵੇਖਦੇ ਜਿਸ ਦਾ ਨਾਂ ਮਗਰੋਂ ਪਿਆਰਾ ਸਿੰਘ ਪਿਆ ।

ਮੇਰੇ ਖ਼ਿਆਲ ਵਿਚ ਪਿੰਗਲਵਾੜੇ ਦੀ ਬੁਨਿਆਦ ਉਦੋਂ ਹੀ ਰੱਖੀ ਗਈ ਸੀ ਜਦੋਂ ਭਗਤ ਜੀ ਨੇ ਪਿਆਰਾ ਸਿੰਘ ਨੂੰ ਆਪਣੀ ਦੇਖ ਰੇਖ ਵਿਚ ਲਿਆਂਦਾ ਸੀ । ਕਿਸੇ ਨੂੰ ਚਿੱਤ ਚੇਤੇ ਵੀ ਨਹੀਂ ਹੋ ਸਕਦਾ ਸੀ ਕਿ ਇਸ ਘਟਨਾ ਮਗਰੋਂ ਇਕ ਬਹੁਤ ਵੱਡੀ ਸੰਸਥਾ ਜਨਮ ਲੈ ਸਕਦੀ ਹੈ ।

੧੮ਵੀਂ ਸਦੀ ਦੇ ਮਹਾਨ ਵਿਦਵਾਨ ਡਾਕਟਰ ਸੈਮੂਅਲ ਜੌਨਸਨ ਬਾਰੇ ਕਿਹਾ ਜਾਂਦਾ ਹੈ ਕਿ ਉਹ ਆਪਣੇ ਨਾਲ ਆਪਣੇ ਘਰ ਮੂਲੋਂ ਬਿਮਾਰ ਤੇ ਮਰਨਹਾਰੇ ਲੋਕ ਲੈ ਜਾਂਦਾ ਹੁੰਦਾ ਸੀ ਅਤੇ ਉਨ੍ਹਾਂ ਨੂੰ ਖਾਣ ਪੀਣ ਨੂੰ ਤੇ ਰਹਿਣ ਨੂੰ ਥਾਂ ਦੇਂਦਾ ਹੁੰਦਾ ਸੀ ; ਪਰ ਪੂਰਨ ਸਿੰਘ ਨੇ ਤਾਂ ਇਕ ਮਹਾਨ ਅਤੇ ਬਾਕਾਇਦਾ ਸੰਸਥਾ ਹੀ ਕਾਇਮ ਕਰ ਦਿੱਤੀ ਹੈ ਜੋ ਦੇਸ਼ ਵਾਸੀਆਂ ਨੂੰ ਇਹ ਸੱਦਾ ਦੇਂਦੀ ਹੈ ਕਿ ਉਹ ਅੱਗੇ ਆਉਣ ਅਤੇ ਆਪਣੇ ਨਾਲੋਂ ਘੱਟ ਖ਼ੁਸ਼ਨਸੀਬ ਭਰਾਵਾਂ ਦੇ ਦੁੱਖਾਂ, ਦਰਦਾਂ ਨੂੰ ਦੂਰ ਕਰਨ । ਭਗਤ ਜੀ ਨੇ ਕਈ ਸਾਲ ਇਸ ਕੰਮ ਨੂੰ ਜੋਸ਼ੋ ਖਰੋਸ਼ ਨਾਲ ਜਾਰੀ ਰੱਖਿਆ । ਫਿਰ ਸਾਲ ੧੯੪੭ ਆਇਆ ਜਿਸ ਨੇ ਬਟਵਾਰੇ ਕਾਰਨ ਦੇਸ਼ ਵਿਚ ਭਿਆਨਕ ਤਬਾਹੀ ਮਚਾ ਦਿੱਤੀ । ਇਸ ਕਤਲੋਗਾਰਤ ਨੂੰ ਆਪਣੇ ਅੱਖੀਂ ਵੇਖ ਕੇ ਭਗਤ ਜੀ ਦਾ ਦਿਲ ਕੰਬ ਉੱਠਿਆ । ਸਭ ਪਾਸਿਉਂ ਉਨ੍ਹਾਂ ਨੂੰ ਲਹੂ ਲੁਹਾਣ ਹੋਏ ਬੱਚੇ ਤੇ ਇਸਤਰੀਆਂ ਨਜ਼ਰ ਆ ਰਹੇ ਸਨ । ਲਾਹੌਰ ਤੋਂ ਅੰਮ੍ਰਿਤਸਰ ਜਾਣ ਵਾਲੇ ਹਜ਼ਾਰਾਂ ਪੀੜਿਤ ਸ਼ਰਨਾਰਥੀਆਂ ਦੇ ਕਾਫ਼ਲੇ ਦੀ ਹਾਲਤ ਦੇਖ ਕੇ ਉਹ ਬਰਦਾਸ਼ਤ ਨਾ ਕਰ ਸਕੇ। ਇਸ ਤਰ੍ਹਾਂ ਹੀ ਅੰਮ੍ਰਿਤਸਰ ਤੋਂ ਲਾਹੌਰ ਜਾਣ ਵਾਲੇ ਦੁੱਖੀ ਲੋਕਾਂ ਦੀਆਂ ਚੀਕਾਂ ਨੇ ਉਨ੍ਹਾਂ ਨੂੰ ਹੋਰ ਦੁੱਖੀ ਕਰ ਦਿੱਤਾ । ਭਗਤ ਜੀ ੨੫੦੦੦ ਸ਼ਰਨਾਰਥੀਆਂ ਦੇ ਨਾਲ ਅੰਮ੍ਰਿਤਸਰ ਖ਼ਾਲਸਾ ਕਾਲਜ ਦੇ ਕੈਂਪ ਵਿਚ ਆ ਗਏ । ਉਨ੍ਹਾਂ ਨੂੰ ਇਹ ਵੇਖ ਕੇ ਬੜਾ ਦੁੱਖ ਹੋਇਆ ਕਿ ਜ਼ਖ਼ਮੀ, ਲੂਲ੍ਹੇ, ਲੰਗੜੇ, ਬੇਸਹਾਰਾ ਤੇ ਰੋਗੀ ਸ਼ਰਨਾਰਥੀਆਂ ਦਾ ਹਾਲ ਪੁੱਛਣ ਵਾਲਾ ਕੋਈ ਨਹੀਂ ਸੀ ।

ਇਹ ਕੈਂਪ ਦਸੰਬਰ ੧੯੪੭ ਨੂੰ ਬੰਦ ਕਰ ਦਿੱਤਾ ਗਿਆ । ਫਿਰ ਉਹ ਸੜਕ ਦੇ ਕੰਢੇ ਖ਼ਾਲਸਾ ਕਾਲਜ ਦੇ ਸਾਹਮਣੇ ਅਤੇ ਵਿਕਟੋਰੀਆ ਜੁਬਲੀ ਹਸਪਤਾਲ ਦੇ ਨੇੜੇ ਇਕ ਤੰਬੂ ਗੱਡ ਕੇ ਉਸ ਵਿਚ ਰਹਿਣ ਲੱਗ ਪਏ । ਜਿਉਂ ਜਿਉਂ ਅਪਾਹਿਜਾਂ ਅਤੇ ਬੇਸਹਾਰਾ ਲੋਕਾਂ ਦੀ ਗਿਣਤੀ ਵਧਦੀ ਗਈ ਭਗਤ ਜੀ ਇਕ ਥਾਂ ਤੋਂ ਦੂਜੀ ਥਾਂ ਆਪਣਾ ਟਿਕਾਣਾ ਬਣਾਉਂਦੇ ਗਏ—ਤੇ ਆਖਰ ਜੀ.ਟੀ.ਰੋਡ ਉੱਤੇ ਤਹਿਸੀਲ ਦੇ ਨੇੜੇ ਉਨ੍ਹਾਂ ਨੇ ਆਪਣੀ ਤਿੰਨ ਮੰਜ਼ਲਾ

ਇਮਾਰਤ ਖੜ੍ਹੀ ਕਰ ਲਈ । ਨਗਰਪਾਲਿਕਾ ਦੇ ਪ੍ਰਧਾਨ ਵਜੋਂ ਅਤੇ ਬਾਅਦ ਵਿਚ ਅੰਮ੍ਰਿਤਸਰ ਦੇ ਕਾਰਜਕਾਰੀ ਅਫ਼ਸਰ ਵਜੋਂ ਮੈਂ ਇਸ ਮਹਾਨ ਪੁਰਸ਼ ਦੀ ਇਸ ਮਾਨਵ ਸੇਵਾ ਲਈ ਯਥਾਸ਼ਕਤ ਮਦਦ ਕਰਦਾ ਰਿਹਾ । ਸਮੇਂ ਦੇ ਬੀਤਣ ਨਾਲ ਭਗਤ ਪੂਰਨ ਸਿੰਘ ਦਾ ਨਾਂ ਘਰ-ਘਰ ਜਾਣਿਆ ਜਾਣ ਲੱਗਾ । ਉਨ੍ਹਾਂ ਦੇ ਇਸ ਮਹਾਨ ਕੰਮ ਤੋਂ ਪ੍ਰਭਾਵਤ ਹੋ ਕੇ ਕਈ ਦਾਨੀਆਂ ਨੇ ਖੁੱਲ੍ਹੇ ਦਿਲ ਨਾਲ ਉਨ੍ਹਾਂ ਦੀ ਮਦਦ ਕੀਤੀ, ਪਰ ਵਧੇਰੀ ਮਦਦ ਉਨ੍ਹਾਂ ਨੂੰ ਆਮ ਲੋਕਾਂ ਵੱਲੋਂ ਮਿਲੀ । ਪਿੰਗਲਵਾੜੇ ਦਾ ਬੱਜਟ ਅੱਜ ਲਗਭਗ ਇਕ ਕਰੋੜ[੧] ਹੋ ਗਿਆ ਹੈ ਅਤੇ ਉਸ ਵਿਚ ਇਲਾਜ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ੪੫੦[੨] ਤਕ ਪਹੁੰਚ ਗਈ ਹੈ । ਰੋਜ਼ ਸੈਂਕੜੇ ਦੀ ਗਿਣਤੀ ਵਿਚ ਲੋਕ ਪਿੰਗਲਵਾੜੇ ਜਾਂਦੇ ਹਨ, ਉੱਥੇ ਆਟਾ, ਕਣਕ, ਦਾਲਾਂ ਆਦਿ ਦੇ ਆਉਂਦੇ ਹਨ । ਮਨੀਆਰਡਰ, ਡਰਾਫਟ ਤੇ ਚੈੱਕ ਦੇਸ਼ ਵਿੱਚੋਂ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚੋਂ ਵੀ ਪਿੰਗਲਵਾੜੇ ਨੂੰ ਸਹਾਇਤਾ ਵਜੋਂ ਪਹੁੰਚਦੇ ਹਨ । ਅਸਲ ਵਿਚ ਪਿੰਗਲਵਾੜਾ ਵੀ ਹਰ ਉਸ ਵਿਅਕਤੀ ਲਈ ਇਕ ਯਾਤਰਾ ਸਥਾਨ ਬਣ ਗਿਆ ਹੈ ਜੋ ਅੰਮ੍ਰਿਤਸਰ ਯਾਤਰਾ ਲਈ ਆਉਂਦਾ ਹੈ ।

ਭਗਤ ਜੀ ਨੇ 1933 ਵਿਚ ਹੀ ਆਪਣੇ ਪਰਿਵਾਰਕ ਜੀਵਨ ਦੀਆਂ ਜ਼ਿੰਮੇਵਾਰੀਆਂ ਤੋਂ ਤਿਲਾਂਜਲੀ ਲੈ ਕੇ ਬ੍ਰਹਮਚਾਰੀ ਰਹਿਣ ਦੀ ਪ੍ਰਤਿੱਗਿਆ ਲੈ ਲਈ ਸੀ, ਤਾਂ ਜੋ ਉਹ ਦੀਨ, ਦੁਖੀਆਂ, ਰੋਗੀਆਂ ਤੇ ਅਪਾਹਿਜਾਂ ਦੀ ਸੇਵਾ ਵਿਚ ਆਪਣਾ ਜੀਵਨ ਅਰਪਣ ਕਰ ਸਕਣ । ਇਹ ਮੰਨਿਆ ਜਾਂਦਾ ਹੈ ਕਿ ਦੁਖੀਆਂ 'ਤੇ ਤਰਸ ਕਰਨਾ ਇਨਸਾਨੀਅਤ ਵਾਲਾ ਗੁਣ ਹੈ ਪਰ ਉਨ੍ਹਾਂ ਦੇ ਦੁੱਖ ਨੂੰ ਦੂਰ ਕਰਨਾ ਦੈਵੀ ਗੁਣ ਹੈ । ਇੰਞ ਹੀ ਭਗਤ ਪੂਰਨ ਸਿੰਘ ਇਕ ਦੈਵੀ ਵਿਅਕਤੀ ਸਨ, ਕਿਉਂਕਿ ਉਹ ਇਸ ਕਥਨ 'ਤੇ ਪੂਰੀ ਤਰ੍ਹਾਂ ਸੱਚੇ ਉਤਰਦੇ ਸਨ ।

ਮੇਰੀ ਸਮੁੱਚੀ ਮਾਨਵਜਾਤੀ ਨੂੰ ਸਨਿਮਰ ਅਪੀਲ ਹੈ ਕਿ ਉਹ ਪਿੰਗਲਵਾੜਾ ਸੰਸਥਾ ਨੂੰ ਉਸੇ ਹੀ ਤਰ੍ਹਾਂ ਦਾਨ ਦਿੰਦੇ ਰਹਿਣ ਜਿਸ ਤਰ੍ਹਾਂ ਉਹ ਭਗਤ ਜੀ ਦੇ ਜੀਵਨ ਕਾਲ ਸਮੇਂ ਦਿੰਦੇ ਰਹੇ ਸਨ ।

-ਮੁਬਾਰਕ ਸਿੰਘ

---

੧. ਸਾਲ 2016-2017 ਦਾ ਸਾਲਾਨਾ ਬਜਟ 41 ਕਰੋੜ ਰੁਪਏ ਹੈ ।

੨. ਹੁਣ ਅਪ੍ਰੈਲ 2017 ਤਕ ਮਰੀਜ਼ਾਂ ਦੀ ਗਿਣਤੀ 1764 ਹੋ ਗਈ ਹੈ ।



## ਮਨੁੱਖਤਾ ਦਾ ਸੇਵਾਦਾਰ ਇਕ ਅਲਬੇਲਾ ਸਾਧੂ— ਭਗਤ ਪੂਰਨ ਸਿੰਘ

ਭਗਤ ਪੂਰਨ ਸਿੰਘ ਸੇਵਾ ਦਾ ਸਾਕਾਰ ਪੁਤਲਾ ਸੀ । ਵੇਖਣ ਨੂੰ ਸਾਧਾਰਨ ਪੇਂਡੂ, ਖੁੱਲ੍ਹੇ ਤੇ ਢਿੱਲੇ ਬਸਤਰਾਂ ਵਾਲਾ, ਸਿਰ 'ਤੇ ਲਪੇਟੀ ਦਸਤਾਰ ਭੁਲੇਖਾ ਪਾਊ ਸੀ । ਇਵੇਂ ਪ੍ਰਤੀਤ ਹੁੰਦਾ ਸੀ ਕਿ ਕੋਈ ਮੁਸ਼ੱਕਤ ਕਰਨ ਵਾਲਾ ਅਨਪੜ੍ਹ ਪੇਂਡੂ ਹੋਵੇ । ਜਦੋਂ ਬੇਧਿਆਨਾ ਇਕ ਦੋ ਸੱਜਣਾਂ ਨਾਲ ਗੱਲਬਾਤ ਕਰ ਰਿਹਾ ਹੁੰਦਾ ਤਾਂ ਇਹ ਭੁਲੇਖਾ ਹੋਰ ਵੀ ਪ੍ਰਪੱਕ ਹੁੰਦਾ । ਸਟੇਜ 'ਤੇ ਬੈਠੇ ਵਿਦਵਾਨਾਂ ਵਿਚ ਖ਼ਾਸ ਖਿੱਚ ਦਾ ਕਾਰਨ ਨਾ ਬਣਦਾ । ਹੱਥ ਵਿਚ ਛਪੇ ਹੋਏ ਇਸ਼ਤਿਹਾਰਾਂ ਦੇ ਬੰਡਲਾਂ ਤੋਂ ਪਛਾਣਿਆ ਜਾਂਦਾ ਸੀ ਕਿ ਇਹ ਭਗਤ ਪੂਰਨ ਸਿੰਘ ਹੋਵੇਗਾ । ਜਦੋਂ ਸਟੇਜ 'ਤੇ ਗਿਆਨ ਵਿਗਿਆਨ ਬਾਰੇ ਆਪਣੇ ਵਿਚਾਰ ਸਰਲ ਭਾਸ਼ਾ ਵਿਚ ਪੇਸ਼ ਕਰਦਾ ਤਾਂ ਉਹ ਕਿਸੇ ਡਿਗਰੀ ਕਾਲਜ ਦਾ ਪ੍ਰੋਫ਼ੈਸਰ ਜਾਪਦਾ । ਵਿਦਿਆ ਤਾਂ ਭਾਵੇਂ ਉਨ੍ਹਾਂ ਨੇ ਦਸਵੀਂ ਤਕ ਹੀ ਕੀਤੀ ਪਰ ਗਿਆਨ ਵਿਗਿਆਨ ਦੀ ਸ਼ਿੱਦਤ ਭੁੱਖ ਨੇ ਉਨ੍ਹਾਂ ਨੂੰ ਉੱਚ-ਕੋਟੀ ਦਾ ਬੁੱਧੀਜੀਵੀ ਬਣਾ ਦਿੱਤਾ ਸੀ । ਪੁਸਤਕਾਂ, ਅਖ਼ਬਾਰਾਂ ਪੜ੍ਹਨ ਦੀ ਰੁਚੀ ਸਿਖਰ 'ਤੇ ਪੁੱਜੀ ਹੋਈ ਸੀ; ਜੋ ਪੜ੍ਹ ਲੈਂਦੇ ਉਨ੍ਹਾਂ ਦੇ ਜ਼ਿਹਨ ਵਿਚ ਰਚ ਜਾਂਦਾ । ਸਟੇਜ 'ਤੇ ਭਾਸ਼ਨ ਕਰਨ ਸਮੇਂ ਪੜ੍ਹੀਆਂ ਪੁਸਤਕਾਂ ਦੇ ਸਫ਼ੇ, ਪਾਲਾਂ ਫ਼ਿਲਮ ਵਾਂਙ ਸਾਕਾਰ ਹੋ ਜਾਂਦੀਆਂ ਤੇ ਉਹ ਬੜੇ ਸਹਿਜ ਨਾਲ ਉਨ੍ਹਾਂ ਸੱਤਰਾਂ ਨੂੰ ਸਰੋਤਿਆਂ ਦੇ ਸਾਹਮਣੇ ਰੱਖਣ ਦਾ ਕ੍ਰਿਸ਼ਮਾ ਕਰ ਵਿਖਾਉਂਦੇ ।

ਭਗਤ ਪੂਰਨ ਸਿੰਘ ਦਾ ਜਨਮ ਇਕ ਖਾਂਦੇ ਪੀਂਦੇ ਹਿੰਦੂ ਪਰਿਵਾਰ ਵਿਚ ੧੯੦੪ ਈਸਵੀ ਨੂੰ ਹੋਇਆ । ਜੀਵਨ ਸੁਖਮਈ ਬਤੀਤ ਹੋ ਰਿਹਾ ਸੀ, ਪਰ ਪਿਤਾ ਦਾ ਸਾਇਆ ਸਿਰ ਤੋਂ ਛੇਤੀ ਅਲੋਪ ਹੋ ਗਿਆ । ਪੂਰਨ ਸਿੰਘ ਦੀ ਪਾਲਣਾ ਪੋਸ਼ਣਾ ਮਾਤਾ ਜੀ ਦੇ ਸਿਰ 'ਤੇ ਆ ਪਈ , ਜਦ ਕਿ ਮਾਇਕ ਹਾਲਤ ਪਿਤਾ ਦੇ ਵਿਛੋੜੇ ਕਾਰਨ ਤਸੱਲੀਬਖ਼ਸ਼ ਨਹੀਂ ਸੀ । ਮਾਤਾ ਜੀ ਧਾਰਮਿਕ ਬਿਰਤੀ ਦੇ ਮਾਲਕ ਸਨ । ਗੁਜ਼ਾਰਾ ਕਰਨ ਲਈ ਉਹ ਲੋਕਾਂ ਦੇ ਘਰਾਂ ਵਿਚ ਕੰਮ ਕਾਜ ਕਰਦੇ । ਇਕ ਦਿਨ ਬੱਚੇ ਪੂਰਨ ਸਿੰਘ ਨੂੰ ਕਿਸੇ ਕੰਮ ਲਈ ਘਰੋਂ ਬਾਹਰ ਜਾਣਾ ਪਿਆ । ਦਿਨ ਢਲ ਚੁੱਕਾ ਸੀ ਤੇ ਘਰ ਪਰਤਣਾ ਮੁਸ਼ਕਲ ਸੀ।

ਇਕ ਮੰਦਰ ਦਾ ਆਸਰਾ ਭਾਲਿਆ ਜਿਸ ਵਿਚ ਲੰਗਰ ਤੇ ਰਿਹਾਇਸ਼ ਦਾ ਕੋਈ ਪ੍ਰਬੰਧ ਨਹੀਂ ਸੀ । ਨੇੜੇ ਇਕ ਗੁਰਦੁਆਰਾ ਸੀ, ਉੱਥੇ ਲੰਗਰ ਵਿੱਚੋਂ ਪ੍ਰਸ਼ਾਦਾ ਵੀ ਮਿਲ ਗਿਆ ਤੇ ਰਹਿਣ ਲਈ ਥਾਂ ਵੀ । ਗੁਰਬਾਣੀ ਦਾ ਉਚਾਰਨ ਹੋ ਰਿਹਾ ਸੀ ਜਿਸ ਨੂੰ ਸੁਣ ਕੇ ਮਨ ਨੂੰ ਸ਼ਾਂਤੀ ਪ੍ਰਾਪਤ ਹੋਈ; ਇਵੇਂ ਗੁਰੂ ਘਰ ਨਾਲ ਲਿਵ ਲੱਗਣੀ ਆਰੰਭ ਹੋ ਗਈ । ਪੂਰਨ ਅਜੇ ੨੯ ਸਾਲਾਂ ਦਾ ਹੀ ਹੋਇਆ ਸੀ ਜਦੋਂ ਮਾਂ ਵਿਛੋੜਾ ਦੇ ਗਈ । ਘਰ ਛੱਡ ਕੇ ਪੂਰਨ ਸਿੰਘ ਲਾਹੌਰ ਪੁੱਜ ਗਿਆ ਤੇ ਗੁਰਦਵਾਰਾ ਡੇਹਰਾ ਸਾਹਿਬ ਦੇ ਲੰਗਰ ਦੀ ਸੇਵਾ ਵਿਚ ਜੁੱਟ ਗਿਆ । ਉਸ ਸਮੇਂ ਉੱਥੇ ਭਾਈ ਤੇਜਾ ਸਿੰਘ ਜੀ ਉੱਚੀ ਬਿਰਤੀ ਤੇ ਕਰਨੀ ਵਾਲੇ ਗੁਰਸਿੱਖ ਸਨ ਜੋ ਪੂਰਨ ਸਿੰਘ ਦੇ ਪ੍ਰੇਰਨਾ-ਸ੍ਰੋਤ ਬਣੇ। ਭਾਈ ਤੇਜਾ ਸਿੰਘ ਜੀ ਪੂਰਨ ਸਿੰਘ ਨੂੰ ਪ੍ਰੇਮੀ ਕਰਕੇ ਪੁਕਾਰਦੇ । ਪੂਰਨ ਸਿੰਘ ਸਹੀ ਅਰਥਾਂ ਵਿਚ ਪ੍ਰੇਮੀ ਹੋ ਨਿਬੜੇ । ਗੁਰਦਵਾਰਾ ਡੇਹਰਾ ਸਾਹਿਬ ਦੇ ਅਸਥਾਨ ’ਤੇ ਪੂਰਨ ਸਿੰਘ ਲੋੜਵੰਦਾਂ ਤੇ ਅਪਾਹਿਜਾਂ ਦੀ ਨਿਸ਼ਕਾਮ ਸੇਵਾ ਵਿਚ ਵਿਸ਼ੇਸ਼ ਸਮਾਂ ਬਿਤਾਉਂਦੇ। ਪ੍ਰਮੇਸ਼ਰ ਦੀ ਐਸੀ ਕਰਨੀ ਹੋਈ ਕਿ ਲੁਧਿਆਣਾ ਤੋਂ ਦੋ ਸਿੰਘ ਇਕ ਲੂਲ੍ਹੇ ਬੱਚੇ ਨੂੰ ਗੁਰਦੁਆਰਾ ਡੇਹਰਾ ਸਾਹਿਬ ਦੇ ਦਰਸ਼ਨੀ ਦਰਵਾਜ਼ੇ ਪਾਸ ਛੱਡ ਗਏ। ਉਹ ਚਾਰ ਸਾਲ ਦਾ ਲੂਲ੍ਹਾ ਬੜਾ ਸੁੰਦਰ ਮੁੰਡਾ ਸੀ ਤੇ ਗਿਆਨੀ ਅੱਛਰ ਸਿੰਘ ਉਸ ਸਮੇਂ ਗੁਰਦੁਆਰਾ ਸਾਹਿਬ ਦੇ ਹੈੱਡ ਗਰੰਥੀ ਸਨ । ਉਨ੍ਹਾਂ ਨੇ ਪੂਰਨ ਜੀ ਨੂੰ ਬਾਲਕ ਨੂੰ ਸਾਂਭਣ ਲਈ ਉਤਸ਼ਾਹਿਤ ਕੀਤਾ। ਬਾਲਕ ਨੂੰ ਵੇਖ ਕੇ ਪੂਰਨ ਸਿੰਘ ਨੂੰ ਆਪਣਾ ਬਚਪਨ ਯਾਦ ਆ ਗਿਆ । ਪ੍ਰੇਮੀ ਉਪਨਾਮ ਤਾਂ ਆਪ ਨੂੰ ਮਿਲ ਹੀ ਚੁੱਕਾ ਸੀ । ਬੱਚਾ ਬਿਲਕੁਲ ਅਪਾਹਿਜ ਸੀ, ਆਪਣੀ ਕੋਈ ਕਿਰਿਆ ਨਹੀਂ ਸਾਧ ਸਕਦਾ ਸੀ । ਪੂਰਨ ਜੀ ਇਸ ਬੱਚੇ ਨੂੰ ਆਪਣੀ ਪਿੱਠ ’ਤੇ ਬਹੁਤਾ ਸਮਾਂ ਰੱਖਦੇ ਤੇ ਸੇਵਾ ਵਿਚ ਜੁੱਟੇ ਰਹਿੰਦੇ। ਪੂਰਨ ਦੇ ਸੁਭਾਅ ਵਿਚ ਮਾਤਾ ਪਿਤਾ ਵਾਲੀ ਮਮਤਾ ਨੇ ਜਨਮ ਲਿਆ ਤੇ ਇਹ ਸਹਿਜੇ ਸਹਿਜੇ ਨਿਖਾਰ ਹੋਰ ਅਪਾਹਿਜਾਂ ਤੇ ਬਿਮਾਰਾਂ ਦੀ ਸੇਵਾ ਲਈ ਵਰਦਾਨ ਸਾਬਤ ਹੋਇਆ । ਵਿਸ਼ਟੇ ਨਾਲ ਭਰੇ ਕੱਪੜੇ ਪੂਰਨ ਸਿੰਘ ਜੀ ਆਪਣੇ ਹੱਥੀਂ ਸਾਫ਼ ਕਰਦੇ । ੧੯੪੭ ਦੀ ਹਿੰਦ-ਪਾਕ ਦੀ ਵੰਡ ਸਮੇਂ ਇਸ ਬਾਲਕ ਨੂੰ ਜਿਸ ਨੂੰ ਉਹ ਪਿਆਰਾ ਕਰਕੇ ਪੁਕਾਰਦੇ ਸਨ, ਆਪਣੀ ਸੰਤਾਨ ਸਮਝ ਕੇ ਖ਼ਾਲਸਾ ਕਾਲਜ ਦੇ ਰਫ਼ਿਊਜੀ ਕੈਂਪ ਵਿਚ ਆ ਟਿਕੇ । ਇਸ ਕੈਂਪ ਵਿਚ ਬਿਮਾਰਾਂ ਤੇ ਨਿਆਸਰਿਆਂ ਦੀ ਕੋਈ ਘਾਟ ਨਹੀਂ ਸੀ। ਆਪ ਇਨ੍ਹਾਂ ਸਾਰਿਆਂ ਦੀ ਸੇਵਾ ਵਿਚ ਜੁੱਟ ਗਏ । ਕੈਂਪ ਦੀ ਸਮਾਪਤੀ ਮਗਰੋਂ ਕੁਝ ਇਕ ਦੋ ਹੋਰ ਸਾਥੀਆਂ ਸਮੇਤ ਇਹ ਲਾਵਾਰਸਾਂ ਤੇ ਗੰਭੀਰ ਬਿਮਾਰਾਂ ਦੀ ਸੇਵਾ ਵਿਚ ਜੁੱਟ ਗਏ ਤੇ ਇਵੇਂ ੧੯੪੯ ਵਿਚ ਪਿੰਗਲਵਾੜੇ ਦੀ ਆਰੰਭਕ ਕਹਾਣੀ ਦਾ ਮੁੱਢ ਬੱਝਾ । ਕੁਝ ਸਮੇਂ ਲਈ ਰੇਲਵੇ ਸਟੇਸ਼ਨ ਦੇ ਬਾਹਰ ਡੇਰਾ ਜਾ ਲਾਇਆ।



ਉੱਥੋਂ ਉੱਠੇ ਤਾਂ ਵੀ. ਜੇ. ਹਸਪਤਾਲ ਦੇ ਪੂਰਬੀ ਦਰਵਾਜ਼ੇ ਕੋਲ ਬੋਹੜ ਦੇ ਹੇਠਾਂ ਆਸਣ ਆ ਲਾਇਆ । ਉਸ ਸਮੇਂ ਦਾ ਦ੍ਰਿਸ਼ ਅੱਜ ਵੀ ਮੇਰੀਆਂ ਅੱਖਾਂ ਦੇ ਸਾਹਮਣੇ ਸਾਕਾਰ ਹੈ ਤੇ ਇਵੇਂ ਭਗਤ ਜੀ ਨਾਲ ਜਾਣ-ਪਛਾਣ ਉਸ ਸਮੇਂ ਤੋਂ ਬਣ ਗਈ । ਕੁਝ ਸਮੇਂ ਬਾਅਦ ਸਿਰ ਲੁਕਾਉਣ ਲਈ ਮੁਸਲਮਾਨਾਂ ਦੇ ਟੁੱਟੇ ਭੱਜੇ ਕਮਰਿਆਂ ਵਿਚ ਜਾ ਟਿਕਾਉ ਕੀਤਾ । ਭਗਤ ਜੀ ਆਪ ਤੇ ਇਨ੍ਹਾਂ ਦੇ ਸਾਥੀ ਪ੍ਰਸ਼ਾਦੇ ਮੰਗ ਲਿਆਉਂਦੇ ਤੇ ਕੰਮ ਚਲਾਉਂਦੇ । ਭਲੇ-ਪੁਰਸ਼ਾਂ ਦੀ ਤਵੱਜੋ ਇਨ੍ਹਾਂ ਦੀ ਸੇਵਾ ਨੇ ਖਿੱਚ ਲਈ ਤੇ ਮਾਇਆ ਵੀ ਆਉਣ ਲੱਗ ਪਈ। ਟਰਾਲੀਆਂ ਬਣ ਗਈਆਂ ਤੇ ਬਿਮਾਰਾਂ ਨੂੰ ਹਸਪਤਾਲ ਡਾਕਟਰੀ ਸਹਾਇਤਾ ਲਈ ਲਿਜਾਇਆ ਜਾਣ ਲੱਗ ਪਿਆ । ਕੁਝ ਚਿਰ ਇੰਦਰ ਪੈਲੇਸ ਸਿਨੇਮਾ ਦੀ ਅਧੂਰੀ ਇਮਾਰਤ ਵਿਚ ਵੀ ਪਿੰਗਲਵਾੜਾ ਰਿਹਾ । ਪਿੱਛੋਂ ਅੱਜ ਵਾਲੀ ਥਾਂ ’ਤੇ ਅਤੇ ਇਸ ਦੇ ਸਾਹਮਣੇ ਵਾਲੀ ਜ਼ਮੀਨ ’ਤੇ ਭਗਤ ਜੀ ਨੇ ਆਪਣੀ ਸੰਸਥਾ ਦਾ ਵਿਸਥਾਰ ਕੀਤਾ । ਇਕ ਦੋ ਵਾਰੀ ਨਗਰ ਨਿਗਮ ਤੇ ਇੰਪਰੂਵਮੈਂਟ ਟਰੱਸਟ ਵੱਲੋਂ ਥਾਵਾਂ ਖ਼ਾਲੀ ਕਰਨ ਲਈ ਨੋਟਿਸ ਦਿੱਤੇ ਗਏ ਤਾਂ ਭਗਤ ਜੀ ਨੇ ਮੈਨੂੰ ਇਨ੍ਹਾਂ ਅਦਾਰਿਆਂ ਨਾਲ ਗੱਲਬਾਤ ਕਰਨ ਲਈ ਭੇਜਿਆ ਤੇ ਇਵੇਂ ਸਮਾਂ ਬੀਤਦਾ ਗਿਆ ।

ਭਗਤ ਜੀ ਨੂੰ ਗਿਆਨ ਭਰਪੂਰ ਲੇਖ ਛਾਪ ਕੇ ਵੰਡਣ ਦਾ ਬਹੁਤ ਸ਼ੌਕ ਸੀ । ਅੰਗਰੇਜ਼ੀ ਤੋਂ ਪੰਜਾਬੀ ਵਿਚ ਇਨ੍ਹਾਂ ਲੇਖਾਂ ਨੂੰ ਉਲਥਾਉਣ ਵਿਚ ਮੈਂ ਭਗਤ ਜੀ ਦਾ ਹੱਥ ਵਟਾਉਂਦਾ ਰਿਹਾ । ਮੇਰੀ ਸਲਾਹ ਮੰਨ ਕੇ ਇਨ੍ਹਾਂ ਨੇ ਇਕ ਪੰਜਾਬੀ ਦਾ ਮਾਹਵਾਰੀ ਰਸਾਲਾ “ਜੀਵਨ ਲਹਿਰ” ਵੀ ਸੰਪਾਦਿਤ ਕੀਤਾ। ਅੱਜ ਪਿੰਗਲਵਾੜਾ ਜੋ ਕੁਝ ਵੀ ਹੈ ਉਹ ਭਗਤ ਜੀ ਦੀ ਸੇਵਾ, ਤਿਆਗ ਤੇ ਲਗਨ ਦਾ ਫ਼ਲ ਹੈ । ਇਹ ਅਦਾਰਾ ਨਿਆਸਰਿਆਂ ਦਾ ਆਸਰਾ, ਦੀਰਘ ਬਿਮਾਰ ਲੋਕਾਂ ਦਾ ਸਹਾਰਾ ਬਣ ਗਿਆ ਹੈ । ਅਪਾਹਿਜ ਲਾਇਲਾਜ ਬਿਮਾਰਾਂ ਦੀ ਸੰਭਾਲ ਦਾ ਕੇਂਦਰ ਹੈ । *ਪੰਜ ਸੌਂ ਤੋਂ ਵੱਧ ਰੋਗੀਆਂ ਦੀ ਦੇਖਭਾਲ ਹੋ ਰਹੀ ਹੈ । ੧੫੦ ਦੇ ਕਰੀਬ ਪਾਗਲ ਇਸਤਰੀਆਂ, ੮੦ ਦੇ ਕਰੀਬ ਪਾਗਲ ਮੁੰਡਿਆਂ ਦੀ ਸੰਭਾਲ ਦਾ ਬੋਝ ਇਸ ਅਦਾਰੇ ਨੇ ਉਠਾਇਆ ਹੋਇਆ ਹੈ । ਕਈ ਅਪੰਗ ਬੱਚੇ ਵੀ ਹਨ । ਰੋਜ਼ ਦਾ *ਖਰਚ ੩੦ਹਜ਼ਾਰ ਦੇ ਲਗਭਗ ਹੈ। ਜਨਤਾ ਵਿਚ ਪਿੰਗਲਵਾੜੇ ਦੀ ਬਹੁਤ ਸ਼ੋਭਾ ਹੈ ਤੇ ਦੇਸ ਪ੍ਰਦੇਸ਼ ਵਿੱਚੋਂ ਲੱਖਾਂ ਰੁਪਏ ਸਹਾਇਤਾ ਵਜੋਂ ਪੁਜਦੇ ਹਨ । ਅੱਜ ਦਾ ਪਿੰਗਲਵਾੜਾ ਜੀ.ਟੀ ਰੋਡ

* ਅਪ੍ਰੈਲ 2017 ਵਿਚ ਮਰੀਜ਼ਾਂ ਦੀ ਗਿਣਤੀ 1764 ਹੈ ਅਤੇ

* ਪਿੰਗਲਵਾੜੇ ਦਾ ਰੋਜ਼ ਦਾ ਖ਼ਰਚ ਸਾਢੇ ਛੇ ਲੱਖ ਰੁਪਏ ਹੈ ।

ਬੱਸ ਅੱਡੇ ਦੇ ਸਾਹਮਣੇ ਇਕ ਸੁੰਦਰ ਸਵੱਛ ਇਮਾਰਤ ਦੇ ਰੂਪ ਵਿਚ ਸਥਿਤ ਹੈ । ਉਹ ਵੀ ਸਮਾਂ ਸੀ ਜਦੋਂ ਭਗਤ ਜੀ ਨੇ ਖੁੱਲ੍ਹੇ ਅਸਮਾਨੀ ਡੇਰੇ ਲਾਏ ਹੋਏ ਸਨ ।

ਗੁਰੂ ਨਾਨਕ ਸਾਹਿਬ ਜੀ ਦਾ ਪੰਜ ਸੌ ਸਾਲਾ ਜਨਮ ਉਤਸਵ ਜੋ ੧੯੬੯ ਵਿਚ ਸ੍ਰੀ, ਗੁਰੂ ਨਾਨਕ ਫਾਊਂਡੇਸ਼ਨ ਦੇ ਪ੍ਰਧਾਨ ਮਹਾਰਾਜਾ ਯਾਦਵਿੰਦਰ ਸਿੰਘ ਨੇ ਲੇਖਕ ਨੂੰ ਪਟਿਆਲੇ ਬੁਲਾ ਭੇਜਿਆ ਸੀ, ਵਿਚਾਰ ਬਣਿਆ ਕਿ ਇਸ ਮਹਾਨ ਉਤਸਵ ਤੇ (Cornea Grafting) ਕਾਰਨੀਆਂ ਗਰਾਫਟਿੰਗ ਦਾ ਕਾਰਜ ਆਰੰਭਿਆ ਜਾਵੇ ਤੇ ਛੇਤੀ ਤੋਂ ਛੇਤੀ ਪੰਜ ਸੌ ਓਪਰੇਸ਼ਨ ਮੁਕੰਮਲ ਕੀਤੇ ਜਾਣ। ਲੇਖਕ ਓਦੋਂ ਅੱਖਾਂ ਦੇ ਸਰਕਾਰੀ ਹਸਪਤਾਲ ਦਾ ਇੰਚਾਰਜ ਸੀ । ਇਸ ਕਾਰਜ ਵਿਚ ਭਗਤ ਜੀ ਨੇ ਵਿਸ਼ੇਸ਼ ਯੋਗਦਾਨ ਪਾਇਆ । ਪਿੰਗਲਵਾੜੇ ਵਿਚ ਲਾਵਾਰਸ ਰੋਗੀਆਂ ਦੇ ਮਰਨ ਮਗਰੋਂ ਕਾਰਨੀਆ ਉਪਲੱਭਦ ਹੋ ਸਕਦਾ ਸੀ ਤੇ ਇਸ ਕਾਰਜ ਵਿਚ ਭਗਤ ਜੀ ਨੇ ਹਰ ਤਰ੍ਹਾਂ ਦੀ ਸਹਾਇਤਾ ਕੀਤੀ। ਦੋ ਸਾਲਾਂ ਦੇ ਥੋੜ੍ਹੇ ਜਿਹੇ ਸਮੇਂ ਵਿਚ ਚਾਰ ਸੌ ਦੇ ਕਰੀਬ ਕਾਰਨੀਆ ਬਦਲਣ ਦੇ ਓਪਰੇਸ਼ਨ ਮੈਂ ਆਪਣੇ ਸਹਾਇਕ ਡਾ.ਸੰਸਾਰ ਸਿੰਘ ਤੇ ਡਾ.ਕੇ.ਕੇ.ਖੰਨਾ ਦੀ ਸਹਾਇਤਾ ਨਾਲ ਕਰਨ ਵਿਚ ਕਾਮਯਾਬ ਹੋਇਆ ।

ਜੂਨ 1992 ਨੂੰ ਭਗਤ ਜੀ ਦੇ ਪੇਟ ਵਿਚ ਤਕਲੀਫ਼ ਹੋਈ ਤਾਂ ਇਨ੍ਹਾਂ ਨੂੰ ਵਰਿਆਮ ਸਿੰਘ ਨਰਸਿੰਗ ਹੋਮ ਵਿਚ ਦਾਖ਼ਲ ਕਰਾ ਦਿੱਤਾ ਗਿਆ। ਖ਼ਬਰ ਮਿਲਣ ’ਤੇ ਮੈਂ ਦੋ ਵਾਰ ਆਪ ਜੀ ਦੇ ਦਰਸ਼ਨ ਕਰਨ ਲਈ ਪੁੱਜਾ । ਡਾ.ਇੰਦਰਜੀਤ ਕੌਰ ਜੀ ਭਗਤ ਜੀ ਦੇ ਵਾਰਸ ਹਨ, ਉਨ੍ਹਾਂ ਨਾਲ ਭੇਂਟ ਵਾਰਤਾ ਵੀ ਹੋਈ । ਆਸ ਤਾਂ ਇਹ ਸੀ ਕਿ ਭਗਤ ਜੀ ਛੇਤੀ ਰਾਜ਼ੀ ਹੋ ਜਾਣਗੇ । ਇਕ ਦਿਨ ਮੁੜ ਪੁੱਛਣ ’ਤੇ ਪਤਾ ਲੱਗਾ ਕਿ ਭਗਤ ਜੀ ਨੂੰ ਚੰਡੀਗੜ੍ਹ ਪੀ.ਜੀ. ਆਈ. ਵਿਚ ਦਾਖ਼ਲ ਕਰਾ ਦਿੱਤਾ ਗਿਆ ਹੈ, ਕਿਉਂਕਿ ਉਨ੍ਹਾਂ ਦੀ ਸਿਹਤ ਵਿਚ ਵਿਗਾੜ ਪੈ ਗਿਆ ਸੀ ।

ਦਰਗਾਹੀ ਸੱਦੇ ਨੂੰ ਕੌਣ ਮੋੜ ਸਕਦਾ ਹੈ? ਬਿਮਾਰਾਂ, ਦੁੱਖੀਆਂ ਦਾ ਮਸੀਹਾ ਭਗਤ ਪੂਰਨ ਸਿੰਘ 88 ਵਰ੍ਹਿਆਂ ਦੀ ਸੇਵਾ ਭਰਪੂਰ ਜ਼ਿੰਦਗੀ ਗੁਜ਼ਾਰ ਕੇ 5 ਅਗਸਤ 1992 ਨੂੰ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ । '**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥**' ਆਪ ਦਾ ਨਾਮ ਪੂਰਨ ਸੀ ਤੇ ਫਿਰ ਸੰਪੂਰਨ ਹੋ ਕੇ ਪ੍ਰਭੂ ਦੀ ਜੋਤ ਵਿਚ ਆਪ ਦੀ ਜੋਤ ਅਭੇਦ ਹੋ ਗਈ । ਇਹੋ ਜਿਹੇ ਪੁਰਸ਼ ਯੁੱਗਾਂ ਪਿੱਛੋਂ ਹੀ ਸੰਸਾਰ 'ਤੇ ਆਉਂਦੇ ਹਨ । ਇਨ੍ਹਾਂ ਲਈ ਹੀ ਇਕ ਉਸਤਾਦ ਉਰਦੂ ਸ਼ਾਇਰ ਨੇ ਲਿਖਿਆ ਹੈ :

ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ,
ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ ।

**-ਡਾ:ਮਾਨ ਸਿੰਘ ਨਿਰੰਕਾਰੀ**



# ਭਗਤ ਪੂਰਨ ਸਿੰਘ : ਗਰਭ ਤੋਂ ਗੋਰ ਤਕ

**ਦਰਦਿ ਦਿਲ ਕੇ ਵਾਸਤੇ ਪੈਦਾ ਕੀਆ ਇਨਸਾਂ ਕੋ**
**ਵਰਨਾ ਤਾਇਤ ਕੇ ਲੀਏ ਕੁੱਛ ਕਮ ਨਾ ਥੇ ਕਰੋਬੀਆ ।**

ਇਨਸਾਨੀ ਜਾਮੇ 'ਚ ਵਿਚਰਦੇ ਜੀਵ ਨੂੰ ਅਸ਼ਰਫ-ਅਲ-ਮਖ਼ਲੂਕਾਤ ਦਾ ਰੁਤਬਾ ਦਿੱਤਾ ਜਾਂਦਾ ਏ । ਕਿਉਂ ? ਕਿਉਂਕਿ ਇਨਸਾਨ ਨੂੰ ਖ਼ਾਲਿਕ ਨੇ ਉੱਤਮ ਬੁੱਧ ਨਾਲ ਨਵਾਜਿਐ ਤਾਂਕਿ ਉਹ ਮੰਦੇ ਚੰਗੇ ਵਿਚ ਤਮੀਜ਼ ਕਰ ਸਕੇ।

ਜਗਤ-ਪ੍ਰਸਿੱਧ ਯੂਨਾਨੀ ਫ਼ਿਲਾਸਫ਼ਰਾਂ—ਸੁਕਰਾਤ, ਅਰਸਤੂ, ਅਫਲਾਤੂਨ ਨੇ ਇਨਸਾਨ ਨੂੰ ਇਕ ਸੱਭਿਅਕ ਪਸ਼ੂ (Civilized Animal) ਦੇ ਦਰਜੇ ਨਾਲ ਪ੍ਰਭਾਸ਼ਿਤ ਕਰਕੇ, ਇਨਸਾਨੀ ਫ਼ਿਤਰਤ ਔਰ ਵਿਹਾਰ ਦਾ, ਸਿੱਕੇਬੱਧ ਵਿਸ਼ਲੇਸ਼ਣ ਕਰਦਿਆਂ ਉਹਦੇ ਅੰਦਰਲੀ ਬਿਰਤੀ-ਦੇਵ ਅਤੇ ਦੈਂਤ ਬਾਰੇ ਜਾਗਰੂਕਤਾ ਦੇ ਦਿੱਤੀ—ਤੇ ਜਾਗਰੂਕਤਾ ਦਾ ਇਕ ਹੀ ਆਧਾਰ ਹੁੰਦੈ—ਗਿਆਨ । ਸਰਬ ਗਿਆਨ ਦੇ ਪਸਾਰ ਹਿੱਤ, ਹਿੰਦ (ਖ਼ਾਸ ਕਰਕੇ ਪੰਜਾਬ) 'ਚ, ਸਾਨੂੰ ਲੋਕ-ਭਾਸ਼ਾ ਦੁਆਰਾ ਰਚਿਆ ਗੁਰਬਾਣੀ ਗਿਆਨ, ਇਸ ਵਿਸ਼ੇਸ਼ ਨੁਕਤੇ ਬਾਰੇ, ਸੁਚੇਤ ਕਰਦੈ :

**ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥**

**(ਅੰਗ ੧੩੭੬)**

ਇਨਸਾਨੀ ਜੀਵਨ-ਪੰਧ 'ਚੋਂ ਗੁਜ਼ਰਦਿਆਂ ਪਦਾਰਥਕ ਖਿੱਚਾਂ, ਸਾਧਾਰਨ ਸੋਝੀ ਦੇ ਬੰਦਿਆਂ ਨੂੰ, ਬਹੁ-ਪਸਾਰੀ ਮਾਇਆ ਜਾਲ 'ਚ ਉਲਝਾ ਕੇ ਔਜੜੇ ਰਾਹਾਂ ਦਾ ਪਾਂਧੀ ਬਣਾਈ ਰੱਖਦੀਆਂ ਤੇ ਨਿੱਜਤਵ ਤੋਂ ਉੱਪਰ ਉੱਠ ਕੇ ਸਮੂਹ ਜਨ-ਮਾਤਰ ਦੀ, ਬਿਨਾਂ ਦਵੈਤ, ਬਿਹਤਰੀ ਔਰ ਬਹਿਬੂਦੀ ਵਾਲੀ ਜੀਵਨ ਕਾਰਜਸ਼ੈਲੀ ਵਿਰਲੇ ਵਾਂਏ ਨੂੰ ਈ ਨਸੀਬ ਹੁੰਦੀ ਆ; ਜੀਹਦਾ ਗੁਰਬਾਣੀ ਖ਼ੁਲਾਸਾ ਏ:

**ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥**

**(ਅੰਗ ੬੦੪)**

ਤੇ ਜਦੋਂ ਭਗਤ ਪੂਰਨ ਸਿੰਘ ਦੇ ਮੁਕੰਮਲ ਜੀਵਨ ਸਫ਼ਰ ਨੂੰ,

ਇਮਾਨਦਾਰੀ ਨਾਲ ਘੋਖਿਆ ਜਾਂਦੈ ਤਾਂ 'ਦਾਤੈ' ਵੱਲੋਂ ਭਗਤ ਜੀ ਦੇ ਮਨ-ਮੰਦਰ ਅਤੇ ਬੁੱਧ ਬਿਬੇਕ 'ਚ 'ਦਾਤਿ' ਦਾ ਜੋ ਬੀਜ, ਦਿਨ-ਬ-ਦਿਨ, ਘਣਾ ਬਿਰਛ ਬਣੀ ਗਿਆ, ਉਹ ਸੀ ਸੇਵਾ ਦਾ, ਨਿਸ਼ਕਾਮ ਸੇਵਾ ਦਾ, ਅਕਾਲ ਪੁਰਖ ਵੱਲੋਂ ਬਖ਼ਸ਼ੀ ਨਿਹਕਰਮੀ ਖ਼ਿਦਮਤ ਦੀ ਅਟੁੱਟ, ਅਣਥੱਕ ਲਗਨ ਦਾ।ਇਸ ਲਗਨ ਪਾਰੋਂ ਭਗਤ ਜੀ ਨੂੰ "**ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥**" ਯਾਨੀ ਮਾਨਵਤਾ ਵੱਲੋਂ ਅਥਾਹ ਪਿਆਰ ਸਤਿਕਾਰ ਦਾ ਮੁਕਾਮ ਹਾਸਲ ਹੋਇਆ । ਏਦਾਂ ਰਾਮ ਜੀ ਦਾਸ ਦਾ ਸਵੱਛ ਸੇਵਾ ਦੀ ਬਦੌਲਤ, ਪੰਜਾਬੀ ਅਬੂ-ਬਿਨ-ਆਦਮ ਦੇ ਰੂਪ ਵਿਚ, ਖ਼ੁਦਾਈ ਸੇਵਕਾਂ ਭਗਤਾਂ ਦੀ ਸੂਚੀ 'ਚ ਭਗਤ ਪੂਰਨ ਸਿੰਘ ਦਾ ਜ਼ਿਕਰ ਚੋਟੀ ਉੱਪਰ ਮਿਲਦੈ ।

ਅਵਾਮੀ ਰਸਤਿਆਂ 'ਚ ਖਿੱਲਰੇ ਕੰਕਰ, ਰੋੜੇ, ਕੰਡੇ, ਛਿਲਕੇ ਆਦਿ ਸਧਾਰਨ ਅੱਖ ਲਈ ਬੇਮਾਅਨੀ ਸਨ; ਮਗਰ ਭਗਤ ਜੀ ਨੂੰ ਉਹਨਾਂ ਵਿਚ, ਰਾਹੀਆਂ ਲਈ, ਕੋਈ ਦੁੱਖਦਾਈ ਹਾਦਸਾ ਬਣ ਜਾਣ ਦੀ ਸੰਭਾਵਨਾ ਦਿਸਦੀ; ਐਸੀ ਗ਼ਲਾਜ਼ਤ ਧਰਤੀ ਮਾਂ ਦੀ ਛਾਤੀ ਉੱਤੇ ਕਰੂਪਤਾ ਦੇ ਚਿੰਨ੍ਹ ਵਾਂਙ ਵੀ ਪ੍ਰਤੀਤ ਹੁੰਦੀ ਰਹਿੰਦੀ ; ਭਗਤ ਜੀ ਦੀ ਮੌਲਿਕ ਸੋਚ ਕਿਸੇ ਸੰਭਾਵੀ ਦੁੱਖਦਾਈ ਘਟਨਾ ਅਤੇ ਇਸ ਕਰੂਪਤਾ ਨੂੰ ਦੂਰ ਕਰਨ ਵੱਲ ਸਾਰੀ ਉਮਰ ਵਿਸ਼ੇਸ਼ ਤਵੱਜੋ ਦਿੰਦੀ ਰਹੀ; ਆਪਣੇ ਤਨ ਮਨ ਦੇ ਸਾਥੀ, ਲੋਹੇ ਦੇ ਬਾਟੇ, ਦੀ ਪ੍ਰਕਿਰਿਆ ਨਾਲ ਗਜ਼ਾ ਕਰਨ ਵਰਗੀ ਨਿੱਜੀ ਮਿਸਾਲੀ ਪ੍ਰਯੋਗਤਾ, ਰੌਚਿਕਤਾ ਔਰ ਮੌਲਿਕਤਾ ਨੇ ਜੱਗੋਂ ਨਿਆਰੀ ਤਸਵੀਰ ਸਿਰਜ ਦਿੱਤੀ । ਇਹ ਵਿਧੀ ਜਿੱਥੇ ਦੁਨੀਆਂ ਦੇ ਭਲੇ ਦਾ ਸਬੱਬ ਬਣਦੀ ਉੱਥੇ ਇਹ ਮਨ 'ਚੋਂ ਹਉਮੈਂ ਦੇ ਦੀਰਘ ਰੋਗ ਦੀ ਜੜ੍ਹ ਪੁੱਟਣ ਅਤੇ ਸੇਵਾ ਦੀ ਉਤਮਤਾ ਦੀ ਹੋਰਨਾਂ ਲਈ ਰੀਸ ਵੀ ਪਾਉਂਦੀ ਰਹੀ।

ਸੇਵਾ ਦੀ ਬੁਨਿਆਦੀ ਸੋਝੀ ਅਤੇ ਜਾਗ ਭਗਤ ਪੂਰਨ ਸਿੰਘ ਨੂੰ ਉਦੋਂ ਤੋਂ ਹੀ ਲੱਗ ਗਈ ਸੀ ਜਦੋਂ ਉਹ ਮਾਤਾ ਮਹਿਤਾਬ ਕੌਰ ਦਾ ਇਕ ਸਾਧਾਰਨ ਜਾਤਕ ਰਾਮ ਜੀ ਦਾਸ ਹੀ ਸੀ । ਮਗਰ ਇਸ ਸੋਝੀ ਅਤੇ ਜਾਗ ਨੇ ਰਾਮ ਜੀ ਦਾਸ ਦੀ, ਸਹਿਜੇ ਸਹਿਜੇ, ਕੇਵਲ ਇਕ ਰਵਾਇਤੀ ਭਗਤ ਦੀ ਹੀ ਪਛਾਣ ਨਾ ਬਣਾਈ, ਸਗੋਂ ਉਹ ਨਾਮ ਔਰ ਕਰਮ ਕਰਕੇ ਪੂਰਨ ਭਗਤ ਯਾਨੀ ਮੁਕੰਮਲ ਭਗਤ ਯਾਨੀ ਭਗਤ ਪੂਰਨ ਸਿੰਘ ਦੇ ਤੌਰ 'ਤੇ, ਘੱਟੋ ਘੱਟ ਪੰਜਾਬੀ ਜਨ-ਸਮੂਹ 'ਚ ਪ੍ਰਵਾਨ ਚੜ੍ਹ ਗਏ ।

ਇਤਫ਼ਾਕ ਵੱਸ ਜਾਂ ਵਕਤ ਦੀ ਗਰਦਿਸ਼ ਸਮਝੋ, ਹਰ ਤਰ੍ਹਾਂ ਦੀ ਪਦਾਰਥਕ ਸੁਵਿਧਾ ਦੇ ਮਾਲਕ, ਪਿਤਾ ਛਿੱਬੂ ਮੱਲ ਦੀਆਂ ਕੌਡਾਂ ਪੁੱਠੀਆਂ ਪੈਣ ਲੱਗ ਪਈਆਂ; ਦਿਨਾਂ ਵਿਚ ਹੀ ਸ਼ਾਹੂਕਾਰੇ ਘਰ 'ਚ ਤੰਗਦਸਤੀ ਸਿਖਰ 'ਤੇ ਜਾ ਪਹੁੰਚੀ ; ਪਰ ਆਫ਼ਰੀਨ ਮਾਂ ਮਹਿਤਾਬ ਕੌਰ ਦੇ ਜਿਹਨੇ "**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**" ਦੇ ਲੜ ਲੱਗ ਕੇ ਜਵਾਂਮਰਦੀ ਦਾ ਉਹ ਸਬੂਤ ਦਿੱਤਾ ਜੀਹਦੀ ਨਜ਼ਰ ਧਰਤੀ ਉੱਤੇ ਘੱਟ ਈ ਮਿਲਦੀ ਆ—ਉਹਨੇ ਚੱਕੀ ਪੀਸੀ, ਉਖਲੀ ਮੋਹਲੇ ਨੂੰ ਰੋਟੀ ਕਮਾਉਣ ਦਾ ਵਸੀਲਾ ਬਣਾਇਆ, ਪਸ਼ੂ ਸਾਂਭਦੀ ਨੇ ਗੁਤਾਵੇ ਕੀਤੇ, ਪੁੱਠੇ ਦੱਥੇ ਤੋਂ ਕੰਨੀਂ ਨਾ ਕਤਰਾਈ ; ਅਖ਼ੀਰ ਹਵੇਲੀਆਂ ਦੀ ਮਾਲਕ ਨੇ ਮਿੰਟਗੁਮਰੀ ਬਤੌਰ ਘਰੇਲੂ ਨੌਕਰਾਣੀ, ਤੁੱਛ ਦਸ ਰੁਪਏ ਮਹੀਨਾ ਦੀ ਨੌਕਰੀ ਜਾ ਕੀਤੀ ।

ਏਦਾਂ ਘਰ ਦੇ ਮਤ੍ਰਏ ਮਾਹੌਲ ਅਤੇ ਫੇਰ ਲਾਲਾ ਛਿੱਬੂ ਮਲ ਦੀ ਮੌਤ ਨੇ ਮਾਤਾ ਮਹਿਤਾਬ ਕੌਰ ਅਤੇ ਰਾਮ ਜੀ ਦਾਸ ਦੇ ਸਿਰ ਲੰਮਾ ਚਿਰ ਮੁਸੀਬਤਾਂ ਦਾ ਪਹਾੜ ਖੜ੍ਹਾ ਕਰ ਰੱਖਿਆ । ਮਿੰਟਗੁਮਰੀ ਤੋਂ ਮਾਤਾ ਮਹਿਤਾਬ ਕੌਰ ਲਾਹੌਰ ਆ ਗਈ, ਸ਼ਾਇਦ ਕਿਸਮਤ ਅਜ਼ਮਾਈ ਕਰਨ; ਦਿਲ 'ਚ ਵੱਡੀ ਰੀਝ, ਭਈ ਕਿਵੇਂ ਨਾ ਕਿਵੇਂ ਰਾਮ ਜੀ ਦਾਸ ਪੜ੍ਹ-ਲਿਖ ਕੇ ਪੈਰਾਂ ਸਿਰ ਖਲੋਣ ਜੋਗਰਾ ਹੋ ਜਾਵੇ ।

ਮਗਰ ਕਾਦਿਰ ਨੂੰ ਕੁਝ ਹੋਰ ਹੀ ਮਨਜ਼ੂਰ ਸੀ ।"**ਪੂਤਾ ਮਾਤਾ ਕੀ ਆਸੀਸ**" ਦੇ ਬਾਵਜੂਦ ਰਾਮ ਜੀ ਦਾਸ ਉਰਫ ਭਗਤ ਪੂਰਨ ਸਿੰਘ ਲਾਹੌਰ ਤੋਂ ਦੂਜੀ ਮਰਤਬਾ ਦਸਵੀਂ ਜਮਾਤ 'ਚੋਂ ਫੇਲ੍ਹ ਹੋ ਗਿਆ । ਪਰਵਰਦਗਾਰ ਰਾਮ ਜੀ ਦਾਸ ਲਈ ਗ੍ਰਹਿਸਤੀ ਜੀਵਨ ਤੋਂ ਉੱਪਰ ਚੁੱਕਣ ਦੀ ਬਿਧ ਸਿਰਜ ਰਿਹਾ ਸੀ; ਉਹਨੂੰ ਜਨ-ਸਮੂਹ ਦੀ ਸੇਵਾ ਦੇ ਗਾਡੀ ਰਾਹ ਤੋਰ ਕੇ ਭਗਤ ਪੂਰਨ ਸਿੰਘ ਬਣਾਉਣ ਦੇ ਰਹੱਸਮਈ ਆਹਰੇ ਲੱਗਿਆ ਹੋਇਆ ਸੀ— ਤੇ ਕੁਦਰਤ ਦੀ ਇਹ ਰਹੱਸਮਈ ਸਿਰਜਣਾ, ਹੁਣ ਮਾਤਾ ਮਹਿਤਾਬ ਕੌਰ ਦੀ ਅਣ-ਥਿੜਕਵੀਂ ਕੁਰਬਾਨੀ ਔਰ ਭਗਤ ਜੀ ਵੱਲੋਂ ਮਨੁੱਖ-ਮਾਤਰ ਦੀ ਕੀਤੀ ਉੱਚੀ-ਸੁੱਚੀ ਅਣਥੱਕ ਸੇਵਾ 'ਚੋਂ ਵੇਖੀ ਜਾ ਸਕਦੀ ਆ ।

ਆਪਣੀ ਤੰਗੀ-ਤੁਰਸ਼ੀ ਉੱਤੇ ਦੂਸਰੇ ਦੀ ਤੰਗੀ-ਤੁਰਸ਼ੀ ਨੂੰ ਤਰਜੀਹ ਦੇ ਕੇ ਉਹਦੇ ਕੰਮ ਆਉਣਾ, ਮਾਤਾ ਮਹਿਤਾਬ ਕੌਰ ਦਾ ਕਰਤਾਰੀ ਵਸਫ਼ (ਸਿਫ਼ਤ) ਸੀ; ਇਸ 'ਚੋਂ ਉਹ ਰੂਹਾਨੀ ਤਸਕੀਨ (ਤਸੱਲੀ) ਹਾਸਲ ਕਰਦੀ —ਖ਼ੁਦਾਈ ਖ਼ੁਸ਼ੀ ਦਾ ਠੋਸ ਪ੍ਰਤੀਕ । ਉਹ ਖੂਹੀ 'ਚੋਂ ਡੋਲ ਖਿੱਚ ਕੇ ਬੰਦਿਆਂ, ਪਸ਼ੂਆਂ , ਜਨੌਰਾਂ ਦੀ ਪਿਆਸ ਬੁਝਾਉਂਦੀ ; ਆਪਣੀ ਮੌਤ ਤੋਂ ਬੇਖ਼ੌਫ ਘਾਤਕ ਪਲੇਗ ਦੇ ਮਰੀਜ਼ਾਂ ਦੀ ਦੇਖ-ਭਾਲ ਦਾ ਖ਼ਬਤ (craze)ਸੀ ਉਹਨੂੰ ਰਾਹੀ-ਪਾਤੀ ਲਈ ਲੰਗਰ, ਸਾਧੂ-ਫ਼ਕੀਰਾਂ ਦੀ ਸਵੱਛ ਭਾਵਨਾ ਨਾਲ ਖ਼ਿਦਮਤ; ਪੁੰਨ ਦਾਨ ਦੇ ਭਰੋਸੇ 'ਚ ਪਰੋਹਿਤਾਂ ਨੂੰ ਹੰਦੇ ਦੇਣ ਵਰਗੇ ਅਨੇਕਾਂ ਮੀਰੀ ਗੁਣ ਮਾਤਾ ਮਹਿਤਾਬ ਕੌਰ ਦੇ ਜੀਵਨ ਦਾ ਸੋਮਾ ਰਹੇ। ਮੌਜੂਦਾ ਸਮਾਜ ਦੇ ਤਰਕਮਈ ਮਾਹੌਲ 'ਚ ਮਾਤਾ ਮਹਿਤਾਬ ਕੌਰ ਦੀ ਐਸੀ ਜੀਵਨ-ਸ਼ੈਲੀ ਭਾਵੇਂ ਬਹੁਤੀ ਮਹੱਤਤਾ ਨਾ ਰੱਖਦੀ ਹੋਵੇ, ਪਰ ਉਹਦੇ ਸੇਵਾ ਭਾਵਨਾ ਦੇ ਜਜ਼ਬੇ ਔਰ ਭਰੋਸੇ

ਦੀ ਦਾਦ ਦੇਣੀ ਹੀ ਬਣਦੀ ਆ।

ਸੌਂਕਣਪੁਣੇ ਅਤੇ ਮਤ੍ਰਏ ਮਾਹੌਲ 'ਚ ਵੀ ਮਾਂ ਮਹਿਤਾਬ ਕੌਰ ਨੇ ਸੜੇਵੇਂ, ਈਰਖਾ, ਦਵੈਤ, ਮੰਦ-ਭਾਵਨਾ ਅਤੇ ਫ਼ਸਾਦ ਝਗੜੇ ਵਗੈਰਾ ਦੇ ਕੋਝ ਤੋਂ ਰਾਮ ਜੀ ਦਾਸ ਉਰਫ਼ ਭਗਤ ਪੂਰਨ ਸਿੰਘ ਨੂੰ "**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥**" (ਅੰਗ ੯੩੮) ਬਣਾਈ ਰੱਖਿਆ ।

ਇਤਿਹਾਸਿਕ ਦ੍ਰਿਸ਼ਟੀ ਤੋਂ, ਮਾਤਾ ਮਹਿਤਾਬ ਕੌਰ ਦਾ ਇਹੀ ਸੇਵਾ-ਰੂਪੀ ਬੀਜ, ਉਹਨਾਂ ਦੇ ਸਰਵਣ ਪੁੱਤਰ ਭਗਤ ਪੂਰਨ ਸਿੰਘ ਦੇ ਰੂਪ 'ਚ ਪੁੰਗਰ ਪੱਸਰ ਕੇ ਇਕ ਘਣਾ ਬਿਰਛ ਬਣਿਆ ।

ਅੰਮ੍ਰਿਤਸਰ, ਸੰਗਰੂਰ, ਮਾਨਾਂਵਾਲਾ (ਅੰਮ੍ਰਿਤਸਰ), ਪਲਸੋਰਾ (ਚੰਡੀਗੜ੍ਹ) ਮਕਦੂਮਪੁਰਾ (ਜਲੰਧਰ) ਅਤੇ ਗੋਇੰਦਵਾਲ ਸਾਹਿਬ (ਅੰਮ੍ਰਿਤਸਰ) 'ਚ ਇਹਦੀਆਂ ਜੜ੍ਹਾਂ ਲੱਗ ਚੁੱਕੀਆਂ ਨੇ । ਭਗਤ ਜੀ ਨੂੰ ਪੋਥੀ-ਰੂਪ ਅਭਿਨੰਦਨ ਭੇਟ ਕਰਨ ਦੇ ਨਾਲ ਉਹਨਾਂ ਨੂੰ ਵਿਹਾਰਕ ਅਭਿਨੰਦਨ ਪੇਸ਼ ਤਾਂ ਹੀ ਹੋਵੇਗਾ ਜੇ ਏਦਾਂ ਦੀਆਂ ਹੋਰ ਬਰਾਂਚਾਂ ਦਾ ਨਿਗਰਾਨ ਸਮੇਂ-ਸਮੇਂ ਕੀਤਾ ਜਾਂਦਾ ਰਹੇ ।

ਇਸ ਮਰਹਲੇ ਉੱਤੇ ਇਹ ਜ਼ਿਕਰ ਜ਼ਰੂਰੀ ਭਾਸ ਰਿਹੈ: ਦੁਨੀਆਂ ਦੀ ਹਰ ਮਾਂ ਦੀ, ਗਰਭ ਅਵਸਥਾ ਤੋਂ ਲੈ ਕੇ, ਰੀਝ ਹੁੰਦੀ ਆ ਭਈ ਉਹਦਾ ਪੁੱਤਰ ਕੋਈ ਵਿਸ਼ੇਸ਼ਤਾਈ ਖੱਟੇ । ਦੁਨੀਆਂ 'ਤੇ ਨਾਂ ਰੋਸ਼ਨ ਕਰੇ । ਮਗਰ "**ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥**" (ਅੰਗ ੧੪੧੧) ਦਾ ਮੁਜੱਸਮਾ ਕੋਈ ਭਾਗਾਂ ਵਾਲਾ ਈ ਬਣਦੈ । ਭਗਤ ਪੂਰਨ ਸਿੰਘ ਨੇ "**ਜਨਨੀ ਜਣੈ ਤਉ ਭਗਤ ਜਨੁ ਕੈ ਦਾਤਾ ਕੈ ਸੂਰੁ ॥**" ਦੇ ਕਥਨ ਉੱਤੇ ਫੁੱਲ ਚੜ੍ਹਾ ਕੇ ਮਾਂ ਦੀ ਕੁੱਖ ਨੂੰ ਜਿਵੇਂ ਸੁਲੱਖਣੀ ਕੀਤੈ, ਬਹੁਤ ਘੱਟ ਵਿਅਕਤੀਆਂ ਨੂੰ ਐਸਾ ਸ਼ਰਫ਼ ਹਾਸਲ ਹੁੰਦੈ ।

ਜਿਵੇਂ ਮਨੁੱਖਾਂ ਦੇ ਚਰਿੱਤਰ ਵੱਖ ਵੱਖ ਹੁੰਦੇ ਆ ਨਾ, ਏਦਾਂ ਈ ਸੰਸਥਾਵਾਂ ਦੇ ਚਰਿੱਤਰ ਅਤੇ ਕਾਰਜਸ਼ੀਲਤਾ ਵੀ ਭਿੰਨ ਭਿੰਨ ਹੁੰਦੀ ਆ । ਉਹਨਾਂ ਦੇ ਸੁਭਾਅ ਅੱਡਰੇ ਹੋਇਆ ਕਰਦੇ ਨੇ। ਇਸ ਨੁਕਤੇ ਦੇ ਮੱਦੇ ਨਜ਼ਰ ਕਿਸੇ ਪ੍ਰਕਾਰ ਦੀ ਮਜ਼ਬੀ ਰੰਗਤ ਵਾਲੀ ਟਿੱਪਣੀ ਤੋਂ ਗੁਰੇਜ਼ ਕਰਦਿਆਂ, ਇਹ ਜ਼ਿਕਰ ਗ਼ਲਤ ਨਹੀਂ ਹੋਵੇਗਾ ਕਿ ਸਿੱਖ ਗੁਰੂ ਘਰਾਂ ਨਾਲ ਇਤਫ਼ਾਕੀਆ ਸੰਪਰਕ ਨੇ ਭਗਤ ਜੀ ਦੀ ਸੋਚ ਅਤੇ ਕਰਨੀ 'ਚ ਇਨਕਲਾਬ ਪੈਦਾ ਕੀਤਾ; ਉਹਨਾਂ ਦੇ ਆਪਣੇ ਕਥਨ ਮੁਤਾਬਕ: ਲੰਗਰ ਸਮੇਂ ਪੁਜਾਰੀਆਂ ਦੀ ਪੰਗਤ 'ਚੋਂ ਉਹਨੂੰ ਭੈੜੀ ਤਰ੍ਹਾਂ ਕੱਢ ਦਿੱਤਾ ਗਿਆ; ਇਹਦੇ ਉਲਟ ਰੇਰੂ ਸਾਹਿਬ 'ਚੋਂ ਲੰਗਰ, ਪਿਆਰ ਅਤੇ ਸੇਵਾ ਦੇ ਸਰਬਸਾਂਝੇ ਕਾਰਜ ਨੇ ਉਹਨਾਂ ਨੂੰ ਬਹੁਤ ਪ੍ਰਭਾਵਿਤ ਕੀਤਾ; ਫੇਰ ਫਤਹਿਗੜ੍ਹ ਸਾਹਿਬ ਦੇ ਸ਼ਹੀਦੀ ਪੁਰਬ 'ਚ



ਇਤਫ਼ਾਕੀਆ ਸ਼ਮੂਲੀਅਤ ਨੇ ਤਾਂ ਉਹਨਾਂ ਦੀ ਜੀਵਨ ਸ਼ੈਲੀ ਹੀ ਬਦਲ ਕੇ ਰੱਖ ਦਿੱਤੀ। ਭਾਵੇਂ ਇਹ ਹਾਦਸੇ ਇਤਫ਼ਾਕ ਵੱਸ ਹੀ ਹੋਏ ਸਨ, ਮਗਰ ਇਹਨਾਂ ਰਾਮ ਜੀ ਦਾਸ ਨੂੰ ਪੂਰਾ ਪੂਰਨ ਸਿੰਘ ਯਾਨੀ ਭਗਤ ਪੂਰਨ ਸਿੰਘ ਬਣਨ 'ਚ ਜ਼ਰਖ਼ੇਜ਼ ਭੋਂ ਵਜੋਂ, ਨਿਰਸੰਦੇਹ ਜ਼ਬਰਦਸਤ ਭੂਮਿਕਾ ਨਿਭਾਈ ।

ਸੰਸਾਰ 'ਚ "**ਦੁਖੁ ਦਾਰੂ ਸੁਖੁ ਰੋਗੁ ਭਇਆ**" ਹੁੰਦੀ ਰਹਿੰਦੀ ਆ- ਅਕਸਰ ਰਹੱਸ ਦੀ ਸ਼ਕਲ 'ਚ । ਇਸ ਸਿੱਕੇਬੱਧ ਗੁਰਬਾਣੀ ਕਥਨ ਨੇ ਕੁਦਰਤ ਵਿਚਲੀ ਭੰਨਣ ਘੜਣ ਦੀ ਪ੍ਰਕਿਰਿਆ ਦਾ ਜੋ ਖ਼ੁਲਾਸਾ ਕੀਤੈ ਨਾ, ਉਹ ਭਗਤ ਜੀ ਦੇ ਜੀਵਨ 'ਚੋਂ ਭਲੀ-ਭਾਂਤ ਦ੍ਰਿਸ਼ਟਮਾਨ ਹੁੰਦੈ । ਲਾਲਾ ਛਿੱਬੂ ਮੱਲ ਦੇ ਘਰ 'ਚ ਵਾਪਰੇ ਆਰਥਿਕ ਭੂਚਾਲ ਨੇ ਉਹਨਾਂ ਨੂੰ ਲਾਹੌਰ, ਬਰਾਸਤਾ ਮਿੰਟਗੁਮਰੀ ਅਪੜਾ ਦਿੱਤਾ ਤੇ ਏਥੇ ਹੀ ਭਗਤ ਜੀ ਦੇ ਜੀਵਨ 'ਚ ਅਹਿਮ, ਦਿਸ਼ਾ, ਨਿਰਦੇਸ਼ਤ, ਮੋੜ ਆਏ :

(ੳ) ਡੇਹਰਾ ਸਾਹਿਬ ਗੁਰਦੁਆਰੇ ਨਾਲ ਪੀਡਾ ਲਗਾਓ ;

(ਅ) ਵਿਕਲਾਂਗ ਲਾਵਾਰਿਸ ਬੱਚੇ (ਪਿਆਰਾ)ਦੀ ਸੰਭਾਲ ਦੀ ਜ਼ੁੰਮੇਵਾਰੀ ਪ੍ਰਵਾਨ ਕਰਨਾ ;

(ੲ) ਗੁਰਬਾਣੀ ਸਰਵਣ ਕਰਨ, ਧਾਰਮਿਕ ਵਿਖਿਆਨ ਸੁਣਨ ਨਾਲ ਤੀਜੇ ਨੇਤਰ-ਰੂਪੀ ਚਿਰਾਗ਼ ਦਾ ਰੋਸ਼ਨ ਹੋਣਾ ਅਤੇ

(ਸ) ਸੇਵਾ (ਖ਼ਾਸ ਕਰਕੇ ਮਨੁੱਖ ਮਾਤਰ)ਦੀ ਪਰਪੱਕ ਲਗਨ ਲੱਗਣੀ ।

ਭਗਤ ਜੀ ਦੀ ਜੀਵਨ ਕਹਾਣੀ, ਲਿਖਤੀ ਤੇ ਸੀਨਾ ਬਸੀਨਾ, ਦੱਸਦੀ ਆ ਭਈ ਉਹ ਦੋ ਵਾਰ ਦਸਵੀਂ ਜਮਾਤ 'ਚੋਂ ਫੇਲ੍ਹ ਹੋਏ । ਮਗਰ ਇਕ ਤੱਥ ਉਭਰ ਕੇ ਸਾਡੇ ਸਾਹਮਣੇ ਆਉਂਦੈ : ਉਹ ਸਕੂਲੀ ਵਿਦਿਆ 'ਚ ਤਾਂ ਭਾਵੇਂ ਫੇਲ੍ਹ ਹੋ ਗਏ, ਪਰ ਗਿਆਨ ਪ੍ਰਾਪਤੀ 'ਚ ਨਹੀਂ ।

ਲਾਹੌਰ ਰਹਿੰਦਿਆਂ-(੧੯੨੪ ਤੋਂ ੧੯੪੭) ਭਗਤ ਜੀ ਅੰਦਰਲੇ ਜਿਗਿਆਸੂ ਪਾਠਕ ਨੇ ਪਰ ਛੰਡੇ ; ਉਹ ਸ਼ਹਿਰ ਵਿਚਲੀਆਂ ਪਬਲਿਕ ਲਾਇਬ੍ਰੇਰੀਆਂ 'ਚ ਭੌਰੇ ਦੇ ਰਸ ਚੂਸਣ ਵਾਂਙ ਗਿਆਨ ਚੂਸਦੇ ਰਹੇ ਉਹ ਸਮਾਜ, ਰਾਜਨੀਤੀ, ਵਿਗਿਆਨ, ਕੌਮੀ ਅਤੇ ਕੌਮਾਂਤਰੀ ਪ੍ਰਸਥਿਤੀਆਂ, ਉੱਘੀਆਂ ਸੰਸਾਰਿਕ ਹਸਤੀਆਂ ਆਦਿ ਅਨੇਕਾਂ ਵਿਸ਼ਿਆਂ ਨੂੰ ਆਪਣੀ ਪਕੜ 'ਚ ਲੈਂਦੇ ਰਹੇ । ਇੱਥੇ ਹੀ ਉਹਨਾਂ ਪੰਜਾਬੀ, ਉਰਦੂ, ਫਾਰਸੀ, ਸੰਸਕ੍ਰਿਤ, ਹਿੰਦੀ ਅਤੇ ਅੰਗਰੇਜ਼ੀ ਜ਼ੁਬਾਨਾਂ ਵਿਚ ਭਰਵੀਂ ਮੁਹਾਰਤ ਹਾਸਲ ਕੀਤੀ ।

ਲਾਹੌਰ ਵਿਚ ਗੁਰੂ ਘਰਾਂ, ਖ਼ਾਸ ਕਰਕੇ ਡੇਹਰਾ ਸਾਹਿਬ ਨਾਲ ਜੁੜਨ

ਸਦਕਾ, ਨਿਰਸੰਦੇਹ ਭਗਤ ਜੀ ਦੀ ਇਸ ਬਿਰਤੀ ਨੂੰ "**ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥**" (ਅੰ: ੩੫੬) ਅਤੇ "**ਦੀਵਾ ਬਲੈ ਅੰਧੇਰਾ ਜਾਇ**" (ਅੰ: ੭੯੧) ਦੇ ਸ੍ਰੇਸ਼ਟ ਇਸ਼ਾਰੇ ਨੇ ਐਸਾ ਪ੍ਰਭਾਵਤ ਕੀਤਾ ਕਿ ਉਹ ਸਾਰੀ ਉਮਰ ਖ਼ੁਦ ਵੀ ਗਿਆਨ ਹਾਸਲ ਕਰਦੇ ਰਹੇ ਤੇ ਹੋਰਨਾਂ ਨੂੰ ਵੀ ਗਿਆਨ(ਪਰਚਿਆਂ, ਪੱਤਰਿਆਂ ਦੁਆਰਾ) ਵੰਡਦੇ ਰਹੇ । ਯਕੀਨਨ, ਇਸ ਕਰਕੇ ਪਿੰਗਲਵਾੜਾ ਸੰਸਥਾ 'ਚ ਮਰੀਜ਼ਾਂ ਦੇ ਇਲਾਜ, ਸੇਵਾ ਦੇ ਨਾਲ-ਨਾਲ ਉਹਨਾਂ ਨੂੰ ਵਿਦਿਆ ਹਾਸਲ ਕਰਨ ਦੀ ਪ੍ਰੇਰਨਾ ਵੀ ਮੁਤਵਾਤਰ ਦਿੱਤੀ ਜਾਂਦੀ ਆ । ਇਹ ਭਗਤ ਜੀ ਅਤੇ ਉਹਨਾਂ ਦੀ ਸੋਚ ਦਾ ਇਕ ਹੋਰ ਵੱਡਾ ਹਾਸਲ ਜਾਂ ਪ੍ਰਾਪਤੀ ਮੰਨਿਆ ਜਾਣਾ ਚਾਹੀਦੈ ।

ਸੰਸਾਰ ਦੇ ਸੇਵਾ ਭਾਵ ਵਾਲੇ ਇਤਿਹਾਸ ਉੱਤੇ ਪੰਛੀ ਝਾਤ ਮਾਰਦਿਆਂ ਜੋ ਉੱਘੇ ਨਾਂ ਨਜ਼ਰੀਂ ਪੈਂਦੇ ਨੇ, ਉਹ ਹੈ :

| | |
|---|---|
| ੧. ਮਿੱਸ ਨਾਈਟਿੰਗੇਲ | ੨. ਰੈੱਡ ਕਰਾਸ ਸੰਸਥਾ |
| ੩. ਸਾਲਵੇਸਨ ਆਰਮੀ | ੪. ਮਦਰ ਟੈਰੇਸਾ |
| ੫. ਗੁਰੂ ਅਰਜਨ ਦੇਵ ਜੀ | ੬. ਭਾਈ ਘਨੱਈਆ ਜੀ |
| ੭. ਭਗਤ ਪੂਰਨ ਸਿੰਘ | |

ਗਿਆਨਵਾਨ ਪਾਠਕ ਬਖ਼ੂਬੀ ਜਾਣਦੇ ਹੋਣਗੇ ਜਦੋਂ ਗੁਰੂ ਅਰਜਨ ਦੇਵ ਜੀ ਨੇ ਤਰਨ-ਤਾਰਨ ਸ਼ਹਿਰ ਵਸਾਉਂਦੇ ਸਮੇਂ ਉੱਥੇ ਦਰਬਾਰ ਸਾਹਿਬ ਅਤੇ ਵਿਸ਼ਾਲ ਸਰੋਵਰ ਦਾ ਨਿਰਮਾਣ ਕੀਤਾ , ਉਦੋਂ ਉਹਨਾਂ ਕੁਸ਼ਟ ਰੋਗੀਆਂ ਵਾਸਤੇ ਇਲਾਜ ਮੁਆਲਜੇ ਦਾ ਪ੍ਰਬੰਧ ਵੀ ਕੀਤਾ। ਝਬਾਲ ਪਿੰਡ ਨੂੰ ਜਾਂਦੀ ਸੜਕ ਉੱਤੇ ਉਹਦੀ ਪੈੜ ਅਜੇ ਵੀ ਕੋਹੜਗੜ੍ਹ ਦੇ ਰੂਪ 'ਚ ਮਿਲਦੀ ਆ, ਜਿੱਥੇ ਇਲਾਜ ਔਰ ਵਿਦਿਆ ਦਾ ਮੁਨਾਸਿਬ ਪ੍ਰਬੰਧ ਚਲਦਾ ਰਹਿੰਦੈ ।

ਇਸ ਲੜੀ ਦਾ ਅਗਲਾ ਪ੍ਰਸਿੱਧ ਪਾਤਰ ਭਾਈ ਘਨੱਈਆ ਜੀ ਦੀ ਹਸਤੀ 'ਚ ਉਜਾਗਰ ਹੋਇਆ, ਜਿਨ੍ਹਾਂ '**ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥**' **(ਅੰਗ ੨੮੭)** ਅਨੁਸਾਰ ਦਵੈਤ ਭਾਵ ਤੋਂ ਨਿਰਲੇਪ, ਬੇਨਜ਼ੀਰ ਕਾਰਜ ਦੁਆਰਾ ਦਸ਼ਮੇਸ਼ ਪਿਤਾ ਦੀ ਪ੍ਰਸ਼ੰਸਾ ਅਤੇ ਖ਼ੁਸ਼ੀ ਹਾਸਲ ਕੀਤੀ । ਇਹ ਹੋ ਨਹੀਂ ਸਕਦਾ ਕਿ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਪਰਨਾਏ ਭਗਤ ਪੂਰਨ ਸਿੰਘ ਉੱਤੇ ਇਸ ਵਿਰਸੇ ਨੇ ਪ੍ਰਭਾਵ ਨਾ ਪਾਇਆ ਹੋਵੇ । ਇਸੇ ਪ੍ਰਭਾਵ ਦੀ ਬਦੌਲਤ ਪੰਜਾਬ, ਖ਼ਾਸ ਕਰਕੇ ਸਿੱਖ ਜਗਤ 'ਚ ਇਸ ਪਰੰਪਰਾ ਦਾ ਅਗਲਾ ਮਹਾਨ ਪਾਤਰ ਜੋ ਮਾਨਵੀ ਕੈਨਵਸ ਉੱਤੇ ਨਮੂਦਾਰ (visible) ਹੁੰਦੈ ਉਹ ਹੈ ਭਗਤ ਪੂਰਨ ਸਿੰਘ ਪਿੰਗਲਵਾੜੇ ਦਾ ਬਾਨੀ।

ਜੇ ਇਸ ਪ੍ਰਕਿਰਿਆ 'ਚ ਮਾਨਵੀ ਜਜ਼ਬੇ ਦੀ ਜੜ੍ਹ ਲੱਭਣ ਲਈ



ਵਿਸ਼ਲੇਸ਼ਣ ਕਰੀਏ ਤਾਂ ਸਮਝਣਾ ਔਖਾ ਨਹੀਂ ਕਿ ਭਗਤ ਪੂਰਨ ਸਿੰਘ ਦੇ ਇਸ ਉੱਦਮ ਦਾ ਪ੍ਰੇਰਨਾ-ਸ੍ਰੋਤ ਗੁਰਬਾਣੀ ਹੀ ਆ :

**ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥**

(ਅੰਗ ੨੬)

ਉਪਰੋਕਤ ੧,੨,੩ ਅਤੇ ੪ ਬਾਰੇ ਇੱਥੇ ਟਿੱਪਣੀ ਸ਼ੋਭਦੀ ਨਹੀਂ ਕਿਉਂਕਿ ਇਸ 'ਚੋਂ ਗ਼ਲਤ ਪ੍ਰਭਾਵ ਪੈਦਾ ਹੋਣ ਦਾ ਖ਼ਦਸ਼ਾ ਹੈ । ਵੈਸੇ ਮੰਦਰਜਾ ਬਾਲਾ ੧,੨,੩ ਅਤੇ ੪ 'ਚ ਦਰਜ ਸੰਬੰਧਤ ਹਸਤੀਆਂ ਦੀ ਆਪੋ ਆਪਣੇ ਖੇਤਰ 'ਚ ਸ਼ਲਾਘਾਯੋਗ ਦੇਣ ਤੋਂ ਇਨਕਾਰ ਕਰਨਾ ਬੇਇਨਸਾਫ਼ੀ ਦਾ ਹੀ ਲਖਾਇਕ ਹੋਵੇਗਾ ।

ਇਹ ਗੱਲ ਇਕ ਤੋਂ ਵੱਧ ਵਿਚਾਰਵਾਨਾਂ ਦੇ ਗੌਰਵਤਲਬ ਹੋਈ ਏ ਭਈ ਮਾਤਾ ਮਹਿਤਾਬ ਕੌਰ, ਪਿਆਰਾ ਅਤੇ ਭਗਤ ਪੂਰਨ ਸਿੰਘ ਦੀ ਤ੍ਰਿਬੈਣੀ 'ਚ ਕਿਹੜਾ ਪਾਤਰ ਵਿਸ਼ੇਸ਼ ਜ਼ਿਕਰ ਦਾ ਮੁਸਤਹੱਕ (deserving) ਆ ? ਆਮ ਰਾਇ ਇਹੀ ਬਣਦੀ ਆਈ ਏ ਕਿ ਇਹ ਤਿੰਨੋਂ ਇਕ ਦੂਜੇ ਦੇ ਸਹਿ-ਪੂਰਕ ਨੇ । ਇਸ ਸੰਗਲੀ 'ਚ ਜਿਹੜੀ ਕੜੀ ਮਰਜ਼ੀ ਕੱਢ ਕੇ ਵੇਖ ਲਓ, ਸੰਗਲੀ ਸੰਗਲੀ ਨਹੀਂ ਰਹਿਣ ਲੱਗੀ ।

ਮਗਰ ਮੇਰੀ ਸਮਝ 'ਚ ਰਾਮ ਜੀ ਦਾਸ ਦਾ ਭਗਤ ਪੂਰਨ ਸਿੰਘ ਬਣਨ 'ਚ ਲਾਲਾ ਛਿੱਬੂ ਮੱਲ ਦਾ ਘਰ ਗ਼ੁਰਬਤ 'ਚ ਲਹਿ ਜਾਣਾ ਵੀ ਇਸ ਪਰਿਪੇਖ 'ਚ ਸ਼ਾਮਲ ਕਰ ਲੈਣਾ ਚਾਹੀਦੈ । ਜੇਕਰ ਲਾਲਾ ਛਿੱਬੂ ਮੱਲ ਦੀ ਖ਼ੁਸ਼ਹਾਲੀ ਦੀ ਤੜ੍ਹੀ ਮੱਚੀ ਰਹਿੰਦੀ, ਇਹ ਘਟਨਾ ਚੱਕਰ ਵਾਪਰਨਾ ਹੀ ਨਹੀਂ ਸੀ—ਰਾਮ ਜੀ ਦਾਸ ਕੋਈ ਵਪਾਰੀ ਜਾਂ ਹਟਵਾਣੀਆਂ ਬਣ ਕੇ ਲਾਲਾ ਰਾਮ ਜੀ ਦਾਸ ਤਾਂ ਭਾਵੇਂ ਬਣ ਜਾਂਦਾ, ਉਹ ਭਗਤ ਪੂਰਨ ਸਿੰਘ ਨਹੀਂ ਸੀ ਬਣਨ ਲੱਗਾ।

ਹਾਂ, ਇਕ ਵਿਚਾਰ ਪ੍ਰਚੱਲਤ ਆ ਭਈ ਰਾਮ ਜੀ ਦਾਸ ਨੂੰ ਭਗਤ ਪੂਰਨ ਸਿੰਘ ਦੇ ਤੌਰ 'ਤੇ ਸਿਰਜਣ ਵਾਲਾ 'ਪਿਆਰਾ ਏ' । ਨਿਰਸੰਦੇਹ 'ਪਿਆਰਾ' ਇਸ ਤ੍ਰਿਕੜੀ 'ਚੋਂ Cause and effect ਵਾਲੀ ਭੂਮਿਕਾ ਨਿਭਾਉਂਦਾ, ਭਗਤ ਪੂਰਨ ਸਿੰਘ 'ਚ ਮੁਹੱਬਤ ਦੀ ਰਹਿਮ-ਰੂਪੀ ਚਿਣਗ ਪੈਦਾ ਕਰਦੈ । ਮਗਰ ਸਾਨੂੰ ਇਹ ਤੱਥ ਨਹੀਂ ਵਿਸਰਨਾ ਚਾਹੀਦਾ ਭਈ 'ਪਿਆਰਾ' ਉਹੀ ਵਿਕਲਾਂਗ ਆ ਜਿਨੂੰ ਸੀਰੀ ਪਿਓ ਜ਼ਿਮੀਂਦਾਰਾਂ ਦੇ ਘਰ ਲਾਵਾਰਸ ਛੱਡ ਕੇ ਖਿਸਕ ਗਿਆ ਸੀ; ਜ਼ਿਮੀਂਦਾਰਾਂ ਦਾ ਇਹ ਯਤਨ ਤਾਂ ਸ਼ਲਾਘਾਯੋਗ ਆ ਭਈ ਉਹ ਯਤੀਮਖ਼ਾਨੇ ਟੋਲਣ ਲੱਗ ਪਏ, ਪਰ ਉਹ ਵੀ ਲਾਵਾਰਸ ਵਿਕਲਾਂਗ 'ਚੋਂ ਪਿਆਰਾ ਨਾ ਵੇਖ ਸਕੇ ; ਫੇਰ ਅੰਮ੍ਰਿਤਸਰ ਅਤੇ

ਲਾਹੌਰ ਦੇ ਯਤੀਮਖ਼ਾਨਿਆਂ ਨੂੰ ਵੀ 'ਪਿਆਰੇ' ਦੀ ਪਛਾਣ ਨਾ ਹੋ ਸਕੀ, ਏਥੋਂ ਤਕ ਕਿ ਡੇਹਰਾ ਸਾਹਿਬ ਗੁਰੂ ਘਰ ਵਿਚਲੇ ਸੇਵਾਦਾਰਾਂ ਤੋਂ ਵੀ ਵਿਕਲਾਂਗ ਦੀ ਸੰਭਾਲ ਬਹੁਤੇ ਦਿਨ ਨਾ ਹੋਈ—ਅੱਕ ਗਏ ਤੇ ਅਖ਼ੀਰ ਇਹ ਰਾਮ ਜੀ ਦਾਸ ਅੰਦਰਲਾ ਭਗਤ ਪੂਰਨ ਸਿੰਘ ਹੀ ਸੀ ਜੀਹਦੇ ਹਿਰਦੇ 'ਚ ਵਿਕਲਾਂਗ ਲਈ ਮਮਤਾ ਦੀ ਛੱਲ ਉੱਠੀ ਅਤੇ ਜਿਹੜੀ ਆਖ਼ਰੀ ਸਵਾਸ ਤਕ ਉਹਨੂੰ ਮਾਂ ਵਾਂਙ ਕੁੱਛੜ ਕੰਧੇੜੇ ਚੁੱਕੀ ਫਿਰਦੀ ਰਹੀ, ਗੋਦੀ 'ਚ ਲੋਰੀਆਂ ਦਿੰਦੀ ਰਹੀ ।

ਸੰਨ ੧੯੪੭ ਦੇ ਉਪੱਦਰ ਅਤੇ ਕਹਿਰ ਕਾਰਨ ਹੋਇਆ ਉਜਾੜਾ ਅਤੇ ਫਿਰ ਅੰਮ੍ਰਿਤਸਰ ਵਿਚਲੇ ਰਫ਼ਿਊਜੀ ਕੈਂਪਾਂ 'ਚ ਕਸ਼ਟ ਅਤੇ ਹੋਰ ਔਕੜਾਂ ਵੀ ਭਗਤ ਪੂਰਨ ਸਿੰਘ ਦੇ ਸਿਰੜੀ ਸੇਵਾ ਨੂੰ ਥੜਕਾ ਨਾ ਸਕੇ ।

ਭਗਤ ਪੂਰਨ ਸਿੰਘ ਦੀ ਜੀਵਨ ਸ਼ੈਲੀ ਤੋਂ ਉਹਨਾਂ ਦੀ ਜਾਨਵਰਾਂ ਅਤੇ ਪ੍ਰਕ੍ਰਿਤੀ ਪ੍ਰਤੀ ਮੁਹੱਬਤ ਦੇ, ਬਿਲਾ ਸ਼ਕ-ਓ-ਸ਼ੁਬ੍ਹਾ, ਵੀ ਪ੍ਰਤੱਖ ਪ੍ਰਮਾਣ ਮਿਲਦੇ ਨੇ । ਏਦਾਂ ਭਗਤ ਜੀ ਦੀ ਅਜੋਕੀ ਰੁੱਖ-ਚੇਤਨਾ ਅਤੇ ਭੋਂ-ਸੁਰਖ਼ਸ਼ਾ ਮੁਹਿੰਮਾਂ ਦੇ ਪੂਰਵਗਾਮੀ (Forerunner) ਹੋ ਨਿਬੜਦੇ ਆ। ਉਹ ਨਾਰਥ ਅਮਰੀਕਾ 'ਚ ਸੀਲ ਹੰਟਿੰਗ ਤੋਂ ਛੁੱਟ ਸੰਸਾਰ 'ਚ ਚੂਹਿਆਂ, ਡੱਡੂਆਂ ਅਤੇ ਖ਼ਰਗੋਸ਼ਾਂ ਆਦਿਕ ਦੀ, ਖੋਜਾਂ ਨਾਤੇ, ਪ੍ਰਯੋਗਸ਼ਾਲਾ 'ਚ ਹੁੰਦੀ ਚੀਰ-ਫਾੜ ਦੇ ਖ਼ਿਲਾਫ਼ ਚੱਲਦੀਆਂ ਮੌਜੂਦਾ ਲਹਿਰਾਂ ਦੇ ਵੀ ਝੰਡਾਬਰਦਾਰ ਬਣੇ ਦਿੱਸਦੇ ਆ; ਕਿਉਂਕਿ, ਉਹ ਜੀਵ-ਜੰਤੂ ਨਾਲ ਵੀ ਮੁਹੱਬਤ ਦਾ, ਸਾਰੀ ਉਮਰ, ਭਰਵਾਂ ਹੁੰਗਾਰਾ ਭਰਦੇ ਰਹੇ ਸਨ ।

ਭਗਤ ਜੀ ਬਾਰੇ ਛਪਿਆ ਲਿਟਰੇਚਰ ਖਰੀ ਜਾਣਕਾਰੀ ਦਿੰਦੈ ਭਈ ਪਿੰਗਲਵਾੜੇ ਲਈ ਬਹੁਤਾ ਦਾਨ ਸਿੱਖ ਭਾਈਚਾਰੇ 'ਚੋਂ ਮਿਲਦੈ, ਪਰ ਪਿੰਗਲਵਾੜੇ ਦੇ ਜ਼ੇਰਿ-ਇਲਾਜ, ਜ਼ੇਰਿ ਸੰਭਾਲ ਅਤੇ ਜ਼ੇਰਿ-ਤਾਲੀਮ ਬਹੁਤੀ ਵੱਸੋਂ ਗ਼ੈਰ-ਸਿੱਖ ਹੀ ਆ, ਤੇ ਏਦਾਂ ਪਹਿਲੋਂ ਵੀ ਰਹਿੰਦੀ ਰਹੀ ਏ; ਏਥੇ ਸਾਨੂੰ ਭਗਤ ਜੀ ਦੀ ਕਿਰਿਆਸ਼ੀਲਤਾ ਦੀ ਸੋਚ ਭਾਈ ਘਨੱਈਆ ਵਾਲੀ ਪ੍ਰਪਾਟੀ ਉੱਤੇ ਪਹਿਰਾ ਦਿੰਦੀ ਸਪੱਸ਼ਟ ਨਜ਼ਰੀਂ ਪੈਂਦੀ ਆ; ਗੁਰਬਾਣੀ ਫ਼ਲਸਫ਼ੇ ਨੂੰ ਪਰਨਾਏ ਭਗਤ ਪੂਰਨ ਸਿੰਘ ਜੀ ਜ਼ਾਤ-ਪਾਤ ਮਜ਼੍ਹਬਾਂ, ਕੌਮਾਂ ਜਿਨਸੀ ਵਿਤਕਰਿਆਂ ਅਤੇ ਜੁਗਰਾਫੀਆਈ ਹੱਦਾਂ ਤੋਂ ਉੱਪਰ ਉੱਠ ਕੇ ਕਾਰਜਸ਼ੀਲ ਰਹੇ ।

ਭਗਤ ਜੀ ਦੇ ਪੈਸਾ-ਪ੍ਰਬੰਧ ਬਾਰੇ ਕਿੰਤੂ ਪਰੰਤੂ ਉੱਠਦੇ ਰਹੇ ਸਨ, ਕਈ ਵਾਰ । ਆਪਣੇ ਜੀਵਨ 'ਚ ਉਹ ਖ਼ੁਦ ਵੀ ਸਵੀਕਾਰਦੇ ਰਹੇ ਸਨ ਭਈ ਕਈ ਲੋਕ, ਪੈਸੇ ਨਾਤੇ, ਉਹਨਾਂ ਨਾਲ ਫ਼ਰੇਬ ਵੀ ਕਰ ਜਾਂਦੇ ਤੇ ਕਈ ਧੱਕਾ ਵੀ:



"...ਮੈਂ ਆਪਣੀ ਅੱਖਾਂ ਨਾਲ ਇਹਨਾਂ ਨੂੰ ਪੈਸੇ ਚੁਰਾਉਂਦਿਆਂ ਦੇਖਿਆ ਹੈ, ਮੈਂ ਇਹਨਾਂ ਨੂੰ ਆਪਣੇ ਵਿਰੁੱਧ ਸਾਜਿਸ਼ਾਂ ਕਰਦੇ ਸੁਣਿਆ ਹੈ । ਕੁਝ ਲੋਕ ਐਸੇ ਵੀ ਨੇ ਜਿਹੜੇ ਛੁਰੇ ਦੀ ਨੋਕ 'ਤੇ ਮੇਰੇ ਕੋਲੋਂ ਜ਼ਬਰਦਸਤੀ ਪੈਸੇ ਲੈਂਦੇ ਨੇ ।"

(ਭਗਤ ਜੀ ਦੀ ਸਫਲ ਭਈ ਯਾਤਰਾ, ਭਾਗ ਦੂਜਾ, ਸਫ਼ਾ ੧੯)

ਇਸ ਨੁਕਤੇ ਬਾਰੇ ਸਾਨੂੰ ਹੇਠਲੇ ਜ਼ਾਵੀਏ ਤੋਂ ਗੌਰ ਕਰਨ ਦੀ ਲੋੜ ਆ:

(ੳ) ਪੈਸੇ ਦੇ ਪ੍ਰਬੰਧ ਬਾਰੇ ਪਰਿਵਾਰਾਂ 'ਚ ਵੀ ਸ਼ਿਕਵੇ ਉੱਠਦੇ ਰਹਿੰਦੇ ਨੇ, ਵਪਾਰੀਆਂ ਤੇ ਕੰਪਨੀਆਂ 'ਚ ਵੀ, ਰਾਜਸੀ ਅਤੇ ਸਰਕਾਰੀ ਖੇਤਰਾਂ 'ਚ ਵੀ; ਏਥੋਂ ਤਕ ਕਿ ਧਾਰਮਿਕ ਗੋਲਕਾਂ ਦੀ ਦੁਰਵਰਤੋਂ ਦੇ ਕਿੱਸੇ ਵੀ ਸੰਸਾਰ 'ਚ ਪ੍ਰਚੱਲਤ ਰਹਿੰਦੇ ਆ ਅਤੇ

(ਅ) ਭਗਤ ਪੂਰਨ ਸਿੰਘ ਜੀ ਇਕ ਇਨਸਾਨ ਹੀ ਸਨ । ਕਿਸੇ ਵੀ ਇਨਸਾਨ 'ਚ (to err is human) ਇਨਸਾਨ ਗ਼ਲਤੀ ਦਾ ਪੁਤਲਾ ਤੋਂ ਮੁਨਕਰ ਹੋਣਾ ਇਨਸਾਨੀ ਕਿਰਦਾਰ/ਵਿਹਾਰ ਦੀਆਂ ਸੀਮਤਾਈਆਂ (limitations) ਤੋਂ ਅੱਖਾਂ ਮੀਟਣ ਬਰਾਬਰ ਹੋਵੇਗਾ। ਕਿਉਂ? ਕਿਉਂਕਿ ਜ਼ਿੰਦਗੀ ਦਾ ਸੱਚ ਏ:

**"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥"**

**(ਅੰਗ ੬੧)**

ਪਿੰਗਲਵਾੜਾ ਦੇ ਸੰਕਲਪ ਨੂੰ ਪਰਨਾਏ ਭਗਤ ਪੂਰਨ ਸਿੰਘ ਜੀ, ਏਸ ਸੰਬੰਧੀ ਵਾਹਿਦ ਨਿਗਰਾਨ ਦੇ ਤੌਰ 'ਤੇ ਕਾਰਜਸ਼ੀਲ ਰਹੇ ; ਉਹਨਾਂ ਨੂੰ ਪੈਸੇ, ਸੇਵਾ ਅਤੇ ਪ੍ਰਬੰਧ ਨਾਤੇ ਆਪਣੀ ਇਮਾਨਦਾਰੀ, ਸ੍ਵੈ ਭਰੋਸੇ ਅਤੇ ਲਗਨ ਬਾਰੇ ਪੂਰਾ ਗੌਰਵ ਸੀ ਤੇ ਸਪੱਸ਼ਟਤਾ ਵੀ; ਇਹ ਰੁਚੀ ਉਹਨਾਂ ਉੱਤੇ ਉਦੋਂ ਤੀਕ ਭਾਰੂ ਰਹੀ ਜਦੋਂ ਤੀਕ ਉਹਨਾਂ ਇਸ ਕਾਰਜ ਲਈ ਆਪਣਾ ਜਾਨਸ਼ੀਨ ਬੀਬੀ ਡਾਕਟਰ ਇੰਦਰਜੀਤ ਕੌਰ ਵਿਚ ਨਾ ਲੱਭ ਲਿਆ। ਇਸ ਸੰਬੰਧੀ ਐਲਾਨ-ਨਾਮਾ ਉਹਨਾਂ ਭਰੀ ਸੰਗਤ ਵਿਚ, ਵਸੀਅਤ ਦੇ ਰੂਪ, 'ਚ ਪੜ੍ਹ ਕੇ ਗੁਰੂ ਪਰੰਪਰਾ ਨੂੰ ਇਕ ਵਾਰ ਫੇਰ ਭਰਪੂਰ ਸਿਜਦਾ ਵੀ ਕਰ ਦਿੱਤਾ ।

ਉਹਨਾਂ ਦੇ ਆਪਣੇ ਜੀਵਨ ਕਾਲ ਵਿਚ ਹੀ ਭਗਤ ਜੀ ਨੂੰ ਮਿਲਦੇ ਪਿਆਰ ਸਤਿਕਾਰ ਦੀ ਇਕ ਚਸ਼ਮਦੀਦ ਮਿਸਾਲ ਦੇਣ ਦੀ ਆਗਿਆ ਚਾਹੁੰਦਾ ਹਾਂ । ਉੱਨੀ ਸੌ ਪੰਜਾਵਾਹਿਆਂ ਦੀ ਗੱਲ ਆ: ਪੰਜਾਬ ਦੇ ਵਿਦਿਆ ਖੇਤਰ ਦੀ ਇਕ ਅਜ਼ੀਮ ਹਸਤੀ ਦੀਵਾਨ ਅਨੰਦ ਕੁਮਾਰ, ਚੜ੍ਹਦੇ ਪੰਜਾਬ ਦੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਦਾ ਮੈਂ ਨਿੱਜੀ ਸਹਾਇਕ ਹੁੰਦਾ ਸਾਂ; ਨਿਹਾਇਤ ਹੀ ਨਫ਼ੀਸ ਤਬੀਅਤ ਦੇ ਮਾਲਕ ਦੀਵਾਨ ਅਨੰਦ ਕੁਮਾਰ, ਜਿਹੜੇ ਹੈਂਕੜੀ ਕਿਸਮ ਦੇ ਵਜ਼ੀਰਾਂ ਗਵਰਨਰਾਂ ਤਕ ਨੂੰ ਵੀ ਟਿੱਚ ਸਮਝ ਕੇ ਪਿਛਾਂਹ ਝਿੜਕ ਦਿੰਦੇ ਸਨ, ਉਹ ਭਗਤ ਪੂਰਨ ਸਿੰਘ ਨੂੰ ਉੱਠ ਕੇ ਇਸਤਕਬਾਲ ਪੇਸ਼ ਕਰਦੇ ਮੈਂ ਆਪ ਵੇਖੇ। ਦੀਵਾਨ ਅਨੰਦ ਕੁਮਾਰ ਦੀ ਭਗਤ ਜੀ ਨਾਲ ਮਿੱਤਰਤਾ ਤੇ ਪਿਆਰ, ਬਜ਼ਰੀਆ ਦਿਆਲਸਿੰਘ ਪਬਲਿਕ ਲਾਇਬ੍ਰੇਰੀ, ਲਾਹੌਰ ਤੋਂ ਆਪਣੇ ਵਾਲਿਦ ਰਾਜਾ ਨਰਿੰਦਰ ਨਾਥ ਨਾਲ ਆਰੰਭ ਹੋਇਆ ਸੀ ਜਿਹੜੇ ਮਹਾਰਾਜਾ ਰਣਜੀਤ ਸਿੰਘ ਦੇ ਵਿੱਤ ਮੰਤਰੀ ਦੀਵਾਨ ਦੀਨਾ ਨਾਥ ਦੇ ਪੁੱਤ-ਪੋਤਰੇ ਸਨ ।

ਪੰਜਾਬ ਦੇ ਕਹਿੰਦੇ ਕਹਾਉਂਦੇ ਬਹੁਤ ਸਾਰੇ ਹੋਰ ਖੱਬੀ ਖ਼ਾਂ ਜੋ ਭਗਤ ਪੂਰਨ ਸਿੰਘ ਦੀ ਅਜ਼ਮਤ ਨੂੰ ਸਿਰ ਝੁਕਾਉਂਦੇ ਸਨ, ਉਹਨਾਂ ਸਭ ਦੇ ਜ਼ਿਕਰ ਦੀ ਏਥੇ ਲੋੜ ਹੈਨੀ।

ਭਗਤ ਪੂਰਨ ਸਿੰਘ ਜੀ ਸੇਵਾ, ਤਿਆਗ, ਗਿਆਨ ਔਰ ਮੁਹੱਬਤ ਦਾ ਜੋ ਦੀਦਾ ਦਾਨਿਸਤਾ, ਲਾਸਾਨੀ ਅਤੇ ਬੇਨਜ਼ੀਰ ਪੈਗ਼ਾਮ ਮਨੁੱਖਤਾ ਲਈ ਸਿਰਜ ਗਏ ਨੇ ਉਸ ਨਾਲ ਉਹ ਮਰ ਕੇ ਵੀ ਮਰੇ ਨਹੀਂ ।

**"ਨਾਮ ਫ਼ਕੀਰ ਤਿਨਾਂ ਦਾ ਬਾਹੂ ਕਬਰ ਜਿਨ੍ਹਾਂ ਦੀ ਜੀਵੇ ਹੂ ॥"**

ਖੋਜੀ ਕਾਫ਼ਿਰ
649, Langside Street
Winnipeg, Canada
R3b-2T9

-0-



# ਰੱਬ ਵਰੋਸਾਏ ਭਗਤ ਜੀ

ਸੇਵਾ ਸਿੱਖੀ ਦਾ ਧੁਰਾ ਹੈ ਤੇ ਸਿੱਖੀ ਦੀ ਪਰਿਭਾਸ਼ਾ ਕੀ ਹੈ, ਇਸ ਦੇ ਲੱਛਣ ਕੀ ਨੇ-ਸੁਣੋ:

"ਸਿੱਖੀ ਨਾਮ ਹੈ ਸਿਮਰਨ ਦਾ, ਮਿਹਨਤ ਤੇ ਧਰਮ ਈਮਾਨ ਦਾ,
ਸਿੱਖੀ ਨਾਮ ਹੈ ਸੇਵਾ ਦਾ, ਨੇਕੀ ਤੇ ਕਰਮ ਕਮਾਣ ਦਾ,
ਸਿੱਖੀ ਨਾਮ ਹੈ ਮੁਹੱਬਤ ਦਾ, ਇਕ ਸਾਧਨ ਰੱਬ ਰਿਝਾਣ ਦਾ,
ਸਿੱਖੀ ਨਾਮ ਹੈ ਨਿਮਰਤਾ, ਨੀਵੇਂ ਲਈ ਮਾਣ ਤੇ ਤਾਣ ਦਾ,
ਸਿੱਖੀ ਨਾਮ ਹੈ ਆਪਾ ਵਾਰਨ ਦਾ ਤੇ ਦੂਜੇ ਲਈ ਕੰਮ ਆਣ ਦਾ,
ਸਿੱਖੀ ਨਾਮ ਹੈ ਅਦਲ-ਬਰਾਬਰੀ ਤੇ ਦਰਦ ਵੀ ਕੁੱਲ ਜਹਾਨ ਦਾ,
ਸਿੱਖੀ ਨਾਮ ਵੰਗਾਰ ਹੈ ਜ਼ਾਬਰ ਨੂੰ ਤੇ ਰਣ ਵਿਚ ਜੂਝ ਵਿਖਾਣ ਦਾ,
ਸਿੱਖੀ ਨਾਮ ਹੈ ਰੱਬ ਦੀ ਰਹਿਮਤ ਦਾ ਤੇ ਅਬਦੀ ਇਕ ਵਰਦਾਨ ਦਾ।"

ਜੇ ਕਿਸੇ ਵਿਚ ਇਹ ਸਭ ਗੁਣ ਹੋਣ ਤੇ ਕੁਝ ਚੰਗਾ ਕਰ ਗੁਜ਼ਰਨ ਦੀ ਤਾਂਘ ਹੋਵੇ ਤਾਂ ਉਹ ਹੀ ਸਿੱਖ ਕਹਾਉਣ ਦਾ ਸਹੀ ਹੱਕਦਾਰ ਹੈ । ਸਿੱਖੀ ਕਮਾਉਣੀ ਵੀ ਬੜੀ ਔਖੀ ਹੈ ਤੇ ਸਹੀ ਅਰਥਾਂ ਵਿਚ ਸਿੱਖ ਕਹਾਉਣਾ ਉਸ ਤੋਂ ਵੀ ਵੱਧ ਮੁਸ਼ਕਲ । ਪਰ-

"ਸਿੱਖ ਮਾਂਦਰੀ ਨਹੀਂ, ਸਿੱਖ ਤਾਂਤ੍ਰਿਕ ਨਹੀਂ ,
ਕਰਾਮਾਤ ਨਾਮ ਹੈ ਕਹਿਰ ਦਾ ।
ਇਕ ਰੱਬ ਦਾ ਹੀ ਉਪਾਸ਼ਕ,
ਉਹ ਤੇ ਧਾਰਨੀ ਭਗਤੀ ਲਹਿਰ ਦਾ ।
ਉਹ ਰਾਜ 'ਚ ਰਾਜਾ, ਜੋਗ 'ਚ ਜੋਗੀ ।
ਤਪੀ ਤਪੀਸਰ, ਗ੍ਰਿਸਥ 'ਚ ਭੋਗੀ ।
ਕਿਰਤ ਰੱਬ ਦੀ ਪਿਆਰੀ ਉਸਨੂੰ,
ਜਲ ਵਿਚ ਕਮਲ ਕਦੇ ਨ ਸੋਗੀ ।
ਮਨ ਨੀਵਾਂ ਮੱਤ ਉੱਚੀ ਉਸ ਦੀ ,
ਸੰਤ ਦੀ ਸੇਵਾ ਕਰਨੀ ਸਦੀਵੀ ।
ਕਰੇ ਕਿਸੇ ਨਾ ਉਹ ਨਿਰਾਦਰ,
ਚਰਨਧੂੜ ਸਾਧੂ-ਪਗ ਜੀਵੀ ।"

**ਪਹਿਲਾਂ ਭਗਤ ਜੀ ਨਾਮ ਅਨੁਸਾਰ 'ਪੂਰਨ' ਸਿੱਖ ਕਿਉਂ** ? ਜੋ ਉਨ੍ਹਾਂ ਸਿੱਖੀ ਕਮਾਈ, ਗੁਰ ਉਪਦੇਸ਼ ਹਿਰਦੇ ਵਿਚ ਵਸਾ ਕੇ, ਸਿੱਖੀ ਅਸੂਲਾਂ ਦੇ ਧਾਰਨੀ ਬਣ ਕੇ ਤੇ ਗੁਰੂ ਸਾਹਿਬਾਨ ਦੀਆਂ ਪਾਈਆਂ ਲੀਹਾਂ 'ਤੇ ਚੱਲ ਕੇ। ਨਾਮ-ਬਾਣੀ ਦੀ ਓਟ ਲੈ, ਬਖ਼ਸ਼ਿਸ਼ ਹੋਈ ਗੁਰੂ ਦੀ, ਗਿਆਨ ਤੇ ਸੋਝੀ ਮਿਲੀ ਉਸ ਦੀ ਦਰਗਾਹੋਂ । ਸ਼ੁਰੂ ਵਿਚ ਜੇ 'ਪਿਆਰੇ' ਨੂੰ ਗਲ ਨਾਲ ਲਾਇਆ ਤਾਂ ਮਨ ਵਿਚ ਇਹ ਵੀ ਉਬਾਲ ਉੱਠਿਆ ਕਿ ਇਸ ਵਰਗੇ ਜੱਗ ਵਿਚ ਹੋਰ ਵੀ ਦੁੱਖੀ ਤੇ ਲਾਚਾਰ ਹਨ, ਉਨ੍ਹਾਂ ਦਾ ਕੀ, ਉਨ੍ਹਾਂ ਦੀ ਸਾਰ ਕੌਣ ਲਵੇ, ਉਨ੍ਹਾਂ ਦੇ ਜਿਊਣ ਦੇ ਹੱਕ ਦੀ ਰਾਖੀ ਕੌਣ ਕਰੇ ਤੇ ਰੋਗ-ਗ੍ਰਸਤ ਜੀਵਨ ਦੇ ਅੰਤ ਅਰਥਾਤ ਮੌਤ ਨੂੰ ਆਦਰਨੀਯ ਕੌਣ ਨਿਸ਼ਚਿਤ ਬਣਾਵੇ । ਰੱਬ ਹਰ ਥਾਂ 'ਤੇ ਕਹਿੰਦੇ ਨੇ ਨਹੀਂ ਸੀ ਹੋ ਸਕਦਾ ਤੇ ਉਸ ਨੇ ਬਣਾ ਦਿੱਤੀ 'ਮਾਂ', ਆਪਣੀ ਰਚੀ ਸ੍ਰਿਸ਼ਟੀ ਦੀ ਸਾਂਭ ਸੰਭਾਲ ਲਈ । ਮਾਂ ਦਾ ਦੇਣਾ ਕੋਈ ਨਹੀਂ ਦੇ ਸਕਦਾ । ਮਾਂ ਨੇ ਵਿੱਤੋਂ ਵੱਧ ਕੁਰਬਾਨੀ ਦਿੱਤੀ, ਵਾਰੀ-ਵਾਰੀ ਗਈ, ਪਰ ਕਹਿੰਦੇ ਨੇ ਕਿ ਦੁਨੀਆਂ ਦੁਖਾਂ ਦਾ ਘਰ ਹੈ ਤੇ ਦੁਖੀਆਂ ਦੇ ਦਰਦ ਦਾ ਦਾਰੂ ਕੌਣ ਬਣੇ—ਰੱਬ ਨੇ ਬਣਾਏ ਤੇ ਭੇਜੇ 'ਭਗਤ ਪੂਰਨ ਸਿੰਘ' ਵਰਗੇ ਖ਼ੁਦਾਈ ਖ਼ਿਦਮਤਗਾਰ, ਜਿਨ੍ਹਾਂ 'ਦੁਖ ਪਰਾਇਆ' ਅਪਨਾ ਲਿਆ, ਆਪਣੇ ਸੁਖ ਤਿਆਗ ਕੇ, ਸੁੱਖ ਪਾ ਦਿੱਤੇ ਉਨ੍ਹਾਂ ਦੀਨ-ਦੁਖੀਆਂ ਤੇ ਦੀਨ-ਦੁਨੀਆਂ ਦੇ ਦੁਰਕਾਰੇ ਨਿਆਸਰਿਆਂ, ਨਿਥਾਵਿਆਂ, ਨਿਓਟਿਆਂ ਦੀ ਝੋਲੀ ਵਿਚ । ਉਹ ਕਰਾਮਤੀ ਨਹੀਂ ਸਨ, ਕਰਮਯੋਗੀ ਸਨ, ਸਦਾ ਕਰਮਸ਼ੀਲ ਰਹੇ । ਬਿਨਾਂ ਪਰਵਾਹ ਕੀਤਿਆਂ ਭਾਵੇਂ ਕੋਈ ਭਲਾ ਕਹੋ, ਭਾਵੇਂ ਕੋਈ ਬੁਰਾ ਕਹੋ, ਇਕ ਯੋਧੇ ਵਾਂਗ ਨਿੱਤਰ ਪਏ ; ਇਕ ਉਮਰ ਭਰ ਦੇ ਸੰਘਰਸ਼ ਲਈ ਚਲੇ ਸਨ ਇਕੱਲੇ, ਪਰ ਹਮਖ਼ਿਆਲ ਕਰਮੀ ਯੋਧੇ ਰਲਦੇ ਗਏ, ਕਾਫ਼ਲਾ ਬਣਦਾ ਗਿਆ ਤੇ ਨਿਰਮਾਣ ਹੋਇਆ ਇਕ ਐਸੇ ਘਰ ਦਾ ਜਿਸਨੂੰ ਹੁਣ '**ਪਿੰਗਲਵਾੜਾ**' ਕਹਿਣਾ ਵੀ ਸ਼ਾਇਦ ਸਹੀ ਨਾ ਲੱਗੇ । ਜਿਨ੍ਹਾਂ ਉੱਥੇ ਸ਼ਰਨ ਲਈ ਹੈ ਉਹ ਆਪਣੇ ਘਰ ਤੇ ਘਰ-ਵਾਲਿਆਂ ਜਿਨ੍ਹਾਂ ਨੇ ਦੁਰਕਾਰਿਆ ਸੀ, ਨੂੰ ਵੀ ਭੁੱਲ ਗਏ ਨੇ, ਉਨ੍ਹਾਂ ਨੂੰ, ਪਿਓ ਦਾ ਪਿਆਰ ਵੀ ਮਿਲਿਆ ਤੇ ਮਾਂ ਦਾ ਦੁਲ੍ਹਾਰ ਵੀ— ਤੇ 'ਭਗਤ' ਵੈਦ ਰੋਗੀਆਂ ਦਾ ਵੀ, ਤੇ ਉਹ ਹੁਣ ਬਣ ਗਿਆ ਲੱਗਦਾ ਹੈ 'ਬੇਗ਼ਮ-ਪੁਰਾ' ।

ਭਗਤ ਜੀ ਦੀ ਬਹੁਪੱਖੀ ਸ਼ਖ਼ਸੀਅਤ ਬਣ ਗਈ ਪ੍ਰਤੀਕ ਇਕ ਐਸੀ ਸੇਧ ਦੀ, ਜਿਸ ਵਿਚ ਇਨਸਾਨੀ ਆਤਮ-ਸਨਮਾਨ ਦੀ ਚਾਹ, ਆਲੇ ਦੁਆਲੇ ਦੀ ਸਵੱਛਤਾ, ਕੁਦਰਤ ਤੇ ਕੁਦਰਤੀ ਨਿਯਮਾਂ ਦਾ ਸਤਿਕਾਰ, ਵਣਾਂ ਦੀ ਸੁਰੱਖਸ਼ਾ ਤੇ ਲਗਾਉਣੇ 'ਪਿੱਪਲ', ਬੋਹੜ ਤੇ 'ਨਿੰਮ ਜਿਹੇ ਬਿਰਖ, ਜਿਸ ਦੀ ਅਸ਼ਦ ਲੋੜ ਇਸ਼ਾਰਾ ਕਰਦੀ ਹੈ ਉਨ੍ਹਾਂ ਦੀ ਦੂਰ-ਅੰਦੇਸ਼ੀ ਵੱਲ, ਜਿਸਦਾ



ਕੇਵਲ ਇਕੋ ਹੀ ਮੰਤਵ ਹੋ ਸਕਦਾ ਸੀ —ਮਨੁੱਖਤਾ ਨੂੰ ਇਕ ਵਰਦਾਨ, ਚੰਗੇ, ਸੁਚੱਜੇ, ਰੋਗ-ਰਹਿਤ ਤੇ ਸੁਖਾਵੇਂ ਜੀਵਨ ਪੰਧ ਦਾ; ਉਨ੍ਹਾਂ ਓਟ ਤੇ ਆਸਰਾ ਰੱਖਿਆ ਕੇਵਲ ਇਕ ਅਕਾਲ ਪੁਰਖ ਦਾ । ਵਿਸ਼ਵਾਸ ਸੀ ਕਿ:-

**"ਸਾਹਿਬ ਕੀ ਸੇਵਕੁ ਰਹੈ ਸਰਣਾਈ ॥**
**ਆਪੇ ਬਖਸੇ ਦੇ ਵਡਿਆਈ ॥"**

(ਅੰਗ ੯੪੨)

ਕਰਮ ਕਰਨਾ ਹੈ, ਹੁਕਮ ਤੇ ਰਜ਼ਾ ਵਿਚ ਰਹਿਣਾ ਹੈ—ਕਿਉਂ ਜੋ:

**ਸੇਵਕੁ ਲਾਇਓ ਅਪੁਨੀ ਸੇਵ ॥**

**(ਅੰਗ ੮੯੭)**

**'ਸੇਵਕ ਕਉ ਸੇਵਾ ਬਨਿ ਆਈ ॥**
**ਹੁਕਮੁ ਬੂਝਿ ਪਰਮ ਪਦੁ ਪਾਈ ॥'**

**(ਅੰਗ ੨੯੨)**

ਭਗਤ ਜੀ ਦੀ ਜੀਵਨ ਯਾਤਰਾ ਜਿਵੇਂ ਸਫਲ ਰਹੀ ਉਹ ਇਕ ਸਦੀਵੀ ਜਗਣ ਵਾਲੀ ਮਿਸ਼ਾਲ ਹੈ ਜੋ ਉਨ੍ਹਾਂ ਦੇ ਮਾਰਗ 'ਤੇ ਚੱਲਣ ਵਾਲਿਆਂ ਲਈ ਚਾਨਣ ਮੁਨਾਰਾ ਵੀ ਹੈ ਤੇ ਹੋਰ ਅੱਗੇ ਕਦਮ ਨਾਲ ਕਦਮ ਮਿਲਾ ਕੇ ਵਧਣ ਦਾ ਸਿਧਾਂਤ ਵੀ ।

**ਅਕਾਲ ਪੁਰਖ ਇਨ੍ਹਾਂ ਸਭਨਾਂ ਦਾ ਸਹਾਈ ਹੋਵੇ ।**

-ਸੋਹਣ ਸਿੰਘ

-o-

# ਬੜੀ ਮੁਸ਼ਕਿਲ ਸੇ ਹੋਤਾ ਹੈ
# ਚਮਨ ਮੇ ਦੀਦਾਵਰ ਪੈਦਾ

ਭਗਤ ਪੂਰਨ ਸਿੰਘ ਜੀ ਸਦਾ ਜਿਊਂਦਾ ਰਹਿਣ ਵਾਲੇ ਮਹਾਂਪੁਰਸ਼ ਸਨ। ਦੁਨੀ ਸੁਹਾਵਾ ਬਾਗ ਦੀ ਖੁਸ਼ਬੋ ਨੂੰ ਕਾਇਮ ਰੱਖਣਾ ਤੇ ਵਧਾਉਣਾ ਉਨ੍ਹਾਂ ਦੇ ਜੀਵਨ ਦਾ ਮਨੋਰਥ ਸੀ। ਆਪਣੇ ਬਚਪਨ ਦੀ ਭਟਕਣਾ ਦੌਰਾਨ ਇਕ ਗੁਰਦੁਆਰੇ ਵਿੱਚ ਗੁਜਾਰੀ ਰਾਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਲਿਖਿਆ ਹੈ ਕਿ ਇਲਾਹੀ ਕੀਰਤਨ ਮੇਰੀ ਭਟਕਣਾ ਵਾਸਤੇ ਦਾਰੂ ਬਣ ਗਿਆ। ਲਿਖਦੇ ਹਨ ਕਿ ਮੈਂ ਭੁੱਖਾ ਸਾਂ, ਪਿਆਰ, ਸ਼ਰਧਾ, ਨਿਮਰਤਾ ਦੇ ਰੂਪ ਲੰਗਰ ਨਾਲ ਮੇਰੀ ਭੁੱਖ ਮਿੱਟ ਗਈ। ਦੁਨੀਆਂ ਗੁਰਦੁਆਰਿਆਂ ਵਿੱਚ ਰੋਜ਼ ਜਾਂਦੀ ਹੈ ਪਰ ਤ੍ਰਿਸ਼ਨਾ ਸਿਰਫ਼ ਉਨ੍ਹਾਂ ਦੀ ਹੀ ਮਿੱਟਦੀ ਹੈ ਜਿਹੜੇ ਤਨ ਮਨ ਧਨ ਸਭ ਸੌਂਪ ਕੇ ਹੁਕਮ ਮੰਨੀਏ ਪਾਈਏ ਦੇ ਧਾਰਨੀ ਹੁੰਦੇ ਹਨ। ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਦਰਸ਼ਨਾਂ ਨੂੰ ਆਉਣ ਵਾਲੀਆਂ ਸੰਗਤਾਂ ਨੇ ਸੜਕ ’ਤੇ ਸੁੱਟੇ ਪਿੰਗਲੇ ਬੱਚੇ ਨੂੰ ਦੇਖਿਆ ਹੋਵੇਗਾ। ਤਰਸ ਵੀ ਬਹੁਤਿਆਂ ਨੂੰ ਆਇਆ ਹੋਵੇਗਾ, ਪਰ ਗੋਦ ਵਿੱਚ ਉਹੀ ਚੁੱਕ ਸਕਿਆ ਜਿਸ ਨੇ ਸਤਿਗੁਰੂ ਜੀ ਦੇ ਹੁਕਮ ਵਿੱਚ **“ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥” (ਅੰਗ: ੯੨੨)**

ਉਸ ਬੱਚੇ ਦੀ ਨਿਰੀ ਸੇਵਾ-ਸੰਭਾਲ ਹੀ ਨਹੀਂ ਕੀਤੀ, ਆਪਣਾ ਸਾਰਾ ਪਿਆਰ ਉਸਦੀ ਨਜ਼ਰ ਕਰ ਦਿੱਤਾ। ਸਾਰੀ ਉਮਰ ਉਸ ਨੂੰ ਸੀਨੇ ਨਾਲ ਲਾਈ ਰੱਖਿਆ। ਉਹਦੇ ਪਿਆਰ ’ਚੋਂ ਪਿੰਗਲਵਾੜਾ ਉਪਜਿਆ ਜੋ ਦੀਨ-ਦੁਖੀਆਂ ਦਾ ਸਹਾਰਾ ਬਣਿਆ। ਲਾਵਾਰਸ, ਪਾਗਲ ਤੇ ਅਸਾਧ ਰੋਗਾਂ ਨਾਲ ਪੀੜਿਤ ਪ੍ਰਾਣੀ ਜਿਨ੍ਹਾਂ ਨੂੰ ਪਰਿਵਾਰਾਂ ਨੇ ਘਰਾਂ ’ਚੋਂ ਕੱਢਿਆ ਹੋਇਆ ਸੀ, ਉਨ੍ਹਾਂ ਨੂੰ ਸੜਕਾਂ ’ਤੇ ਰੁਲਦਿਆਂ ਨੂੰ ਭਗਤ ਪੂਰਨ ਸਿੰਘ ਜੀ ਦੇ ਵਿਸ਼ਾਲ ਹਿਰਦੇ ਨੇ ਆਸਰਾ ਦਿੱਤਾ।

**ਮਜਾ ਤੋ ਤਬ ਹੈ ਜੋ ਗਿਰਤੋ ਕੋ ਸਾਂਭ ਲੇ ਸਾਕੀ।**

ਡਿਗਦਿਆਂ ਨੂੰ ਧੀਰਜ ਦੇਣ ਵਾਲੀ ਮਹਾਨ ਸ਼ਖ਼ਸੀਅਤ ਸਾਰਾ ਦਿਨ ਸੜਕਾਂ ਤੋਂ ਕੇਲਿਆਂ ਦੇ ਛਿੱਲੜ, ਇੱਟ-ਵੱਟੇ, ਗਲੇ ਸੜੇ ਤੇ ਬਦਬੂ ਫੈਲਾ ਰਹੇ ਫ਼ਲ ਤੇ ਸਬਜ਼ੀਆਂ ਚੁੱਕ ਕੇ ਆਪਣੇ ਮਾਲਕ ਦੇ ਦੁਨੀ ਸੁਹਾਵਾ ਬਾਗ਼ ਨੂੰ ਸੁੰਦਰ ਬਣਾਉਣ ਦੇ ਆਹਰ ਵਿੱਚ ਲੱਗੇ ਰਹੇ।

**ਮਾਨਾ ਤੇਰੇ ਜਹਾਂ ਕੋ ਨਾ ਹਮ ਗੁਲਜ਼ਾਰ ਕਰ ਸਕੇ**
**ਕੁਝ ਖਾਰ ਕਮ ਤੋ ਕਰ ਹੀ ਗਏ ਗੁਜਰੇ ਜਿਧਰ ਸੇ ਹਮ।**

ਭਗਤ ਜੀ ਦਾ ਸ਼ੌਂਕ ਇਸ਼ਕ ਬਣ ਚੁੱਕਾ ਸੀ। ਬੇਸ਼ੁਮਾਰ ਇਸ਼ਤਿਹਾਰ, ਕਿਤਾਬਚੇ, ਪੈਂਫਲੈੱਟ ਉਨ੍ਹਾਂ ਨੇ ਲਿਖੇ ਤੇ ਲੱਖਾਂ ਦੀ ਗਿਣਤੀ ਵਿੱਚ ਮੁਫ਼ਤ ਵੰਡਦੇ



ਰਹੇ ਤੇ ਅੱਜ ਵੀ ਵੰਡੇ ਜਾ ਰਹੇ ਹਨ। ਪਿੰਗਲਵਾੜਾ ਸੰਸਥਾ ਦੀ ਮੁੱਖ ਸੇਵਿਕਾ ਡਾ: ਇੰਦਰਜੀਤ ਕੌਰ ਜੀ ਭਗਤ ਜੀ ਦੇ ਕੰਮ ਨੂੰ ਬੜੀ ਸ਼ਰਧਾ ਸਹਿਤ ਜਾਰੀ ਰੱਖ ਰਹੇ ਹਨ। ਭਗਤ ਜੀ ਸਰੀਰਕ ਤੇ ਮਾਨਸਿਕ ਰੋਗਾਂ ਦੇ ਮਾਹਰ ਸਨ। ਗੁਰੂ ਨਾਨਕ ਦਰ ਤੋਂ ਪ੍ਰਾਪਤ ਅਦੁੱਤੀ ਦਾਤ ਉਨ੍ਹਾਂ ਦੇ ਜੀਵਨ ਦੀ ਸੇਧ ਬਣ ਗਈ। ਗੁਰੂ ਨਾਨਕ ਪ੍ਰਕਾਸ਼ ਤੇ ਘਰ ਘਰ ’ਚੋਂ ਅਵਾਜ਼ਾਂ ਆਉਂਦੀਆਂ ਸਨ, **“ਆ ਗਿਆ ਬਾਬਾ ਵੈਦ ਰੋਗੀਆਂ ਦਾ।”** ਇਕ ਉਂਕਾਰੀ ਵੈਦ ਨੇ ਦੁਨੀਆਂਦਾਰ ਵੈਦ ਨੂੰ ਇਹ ਕਹਿ ਕੇ ਸਿੱਧੇ ਰਸਤੇ ਪਾਇਆ

**“ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥**
**ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥”** (ਅੰ: ੧੨੭੯)

ਇਕ ਉਂਕਾਰੀ ਵੈਦ ਦੇ ਦੱਸੇ ਫਾਰਮੂਲੇ ਨੂੰ ਭਗਤ ਜੀ ਨੇ ਆਪਣੇ ਜੀਵਨ ਦਾ ਅਧਾਰ ਬਣਾਇਆ ਤੇ ਅੰਤਲੇ ਸੁਆਸ ਤਕ ਨਿਭਾਇਆ। ਰੋਗ ਪਛਾਣ ਲਿਆ। ਇਹ ਹਉਮੈਂ ਸੀ ਤੇ ਇਸਦਾ ਇਲਾਜ ਗੁਰੂ ਕਿਰਪਾ ਨਾਲ ਪ੍ਰਾਪਤ ਨਿਮਰਤਾ ਤੇ ਸੇਵਾ ਸੀ, ਜੋ ਉਨ੍ਹਾਂ ਦੇ ਸੁਭਾਅ ਵਿੱਚ ਰਚ ਗਈ ਸੀ। ਸੇਵਾ ਦਾ ਪ੍ਰਤੱਖ ਰੂਪ ਪਿੰਗਲਵਾੜਾ ਹੈ, ਜਿਸ ਦੀ ਸ਼ੋਭਾ ਸੰਸਾਰ ਦੇ ਕੋਨੇ-ਕੋਨੇ ਤਕ ਫੈਲ ਗਈ ਸੀ। ਪ੍ਰਦੂਸ਼ਣ ਭਾਵੇਂ ਵਾਤਾਵਰਣ ਵਿੱਚ ਹੋਵੇ, ਸਰੀਰ ਵਿੱਚ ਹੋਵੇ, ਮਨ ਜਾਂ ਆਤਮਾ ਵਿੱਚ, ਇਲਾਜ ਸਫਲ ਵੈਦ ਦੀ ਤਰ੍ਹਾਂ ਕੀਤਾ। ਉਨ੍ਹਾਂ ਵੱਲੋਂ ਲਿਖਿਆ, ਛਾਪਿਆ ਤੇ ਵੰਡਿਆ ਜਾ ਰਿਹਾ ਲਿਟਰੇਚਰ ਸੰਸਾਰ ਨੂੰ ਉਨ੍ਹਾਂ ਰੋਗਾਂ ਤੋਂ ਸੁਚੇਤ ਵੀ ਕਰ ਰਿਹਾ ਹੈ, ਇਨ੍ਹਾਂ ਦਾ ਕਾਮਯਾਬ ਇਲਾਜ ਵੀ ਦੱਸ ਰਿਹਾ ਹੈ।

ਗੁਰਮਤਿ ਫ਼ਿਲਾਸਫ਼ੀ, ਦੁਨੀਆਂ ਦੇ ਬੁੱਧੀਜੀਵੀਆਂ ਦੇ ਵਿਚਾਰ ਤੇ ਹਰ ਮਸਲੇ ਦੇ ਹੱਲ ਵਾਸਤੇ ਆਪਣੀ ਸੁਯੋਗ ਰਾਇ ਬੜੀ ਸਰਲ ਤੇ ਸੁੰਦਰ ਬੋਲੀ ਵਿੱਚ ਘਰ-ਘਰ ਭੇਜਦੇ ਰਹੇ ਹਨ। ਧਰਮ ਤੇ ਸਮਾਜ ਨੂੰ ਇਕ ਸ਼ਖ਼ਸੀਅਤ ਦੇ ਸਮਰਪਣ ਨੇ ਕਿੰਨਾ ਭਾਗ ਲਾਇਆ ਹੈ।

**ਏਕ ਹੀ ਦਾਣਾ ਹੈ ਤਖ਼ਲੀਕੇ ਚਮਨ ਕੋ ਕਾਫ਼ੀ**
**ਮਰਦੇ ਵਾਹਦ ਸੇ ਇਦਾਰੇ ਭੀ ਨਿਕਲ ਆਤੇ ਹੈ।**

ਇਕ ਦਾਣੇ ਦੀ ਬਰਕਤ ਹੀ ਸਾਰਾ ਬਾਗ਼ ਉਸਾਰ ਦਿੰਦੀ ਹੈ। ਇਸੇ ਤਰ੍ਹਾਂ ਹੀ ਸ਼ਖ਼ਸੀਅਤ ਤੋਂ ਸੰਸਥਾਵਾਂ ਜਨਮ ਲੈ ਲੈਂਦੀਆਂ ਹਨ। ਇਕ ਪਿੰਗਲੇ ਬੱਚੇ ਦੀ ਸੇਵਾ ’ਚੋਂ ਮਹਾਨ ਸੰਸਥਾ ਦਾ ਨਿਰਮਾਣ ਹੋਇਆ। ਸੇਵਾ ਦੀ ਸਪਿਰਟ ਉਜਾਗਰ ਹੋਈ। ‘ਕਾਦਰੇ ਹਰਿ ਕਾਰ ਗੁਰੂ ਗੋਬਿੰਦ ਸਿੰਘ’ ਸਾਨੂੰ ਸਾਰਿਆਂ ਨੂੰ ਮਨੁੱਖੀ ਜਨਮ ਸਫਲਾ ਕਰਨ ਦਾ ਵਿਸ਼ਵਾਸ ਪ੍ਰਦਾਨ ਕਰਨ।

**ਕਿਰਪਾਲ ਸਿੰਘ ਪ੍ਰਧਾਨ**
**ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ।**

## ਭਗਤ ਪੂਰਨ ਸਿੰਘ ਮਹਾਨ

ਸੱਚਾ ਸੁੱਚਾ ਪਰਖ ਕੇ, ਲਾਇਆ ਸਤਿਗੁਰ ਅਪਣੀ ਸੇਵ,
ਸੱਚੇ ਆਪ ਨਿਵਾਜਿਆ, 'ਪੂਰਨ ਸਿੰਘ ਭਗਤ' ਗੁਰਦੇਵ,
ਕਿਰਤ-ਕਰਤਾਰ ਦੀ ਸੇਵ ਕਰ, ਆਪੇ ਨੂੰ ਮਨੋਂ ਭੁਲਾ,
ਨਿਥਾਵਿਆਂ ਦਿਲ ਵਿਚ ਥਾਂ ਦੇ, ਨਿਤਾਣਿਆਂ ਬਾਂਹ ਫੜਾ,
ਰੋਗੀਆਂ ਰੋਗ ਨਿਵਿਰਤ ਕਰ, ਨਿਮਾਣਿਆਂ ਮਾਣ ਦਿਵਾ,
ਡਿੱਗਿਆਂ ਢੱਠਿਆਂ ਲਤਾੜਿਆਂ, ਚੁਕ ਸੀਨੇ ਨਾਲ ਲਾ,
ਪਰਉਪਕਾਰ ਦੀ ਰਾਹ ਚਲ, ਰੱਖ ਸੱਚਾ ਰੱਬ ਗਵਾਹ,
ਸੁਖ ਆਪਣੇ ਦੇ ਦੇ ਜੱਗ ਨੂੰ, ਦੁਖ ਉਨ੍ਹਾਂ ਦੇ ਅਪਨਾਅ,
ਧੀਆਂ-ਭੈਣਾਂ ਦੇ ਪਰਦੇ ਢੱਕ, ਰੱਖ ਸਿਰ 'ਤੇ ਹੱਥ ਸਦਾ,
ਨਾ ਕੋਈ ਵੈਰੀ ਨਹੀ ਬੇਗਾਨਾ, ਸਭਨਾਂ ਵਿਚ ਜੋਤ ਖ਼ੁਦਾ,
ਖ਼ਿਦਮਤ ਖ਼ਲਕ ਖ਼ਾਲਿਕ ਦੀ ਸੇਵਾ, ਰੱਬੀ ਮਿਲੇ ਪਨਾਹ,
ਜੋ ਸਿੱਖੀ ਦਾ ਫ਼ੁਰਮਾਨ ਹੈ, ਸਤਿਗੁਰ ਦਾ ਜੋ ਉਪਦੇਸ਼,
ਸੇਵਾ ਸਿੱਖੀ ਦਾ ਧੁਰਾ ਹੈ, ਜੀਵਨ ਦਾ ਸੱਚ ਆਦੇਸ਼,
'ਮੂੰਹ ਗ਼ਰੀਬ ਦਾ ਗੁਰੂ ਦੀ ਗੋਲਕ' ਸਤਿਗੁਰ ਦਾ ਫ਼ੁਰਮਾਨ,
ਸਾਰੇ ਗੁਣ ਅਪਨਾਏ ਜਿਸ, ਉਹ ਇਕੋ-ਇਕ ਇਨਸਾਨ,
ਮੈਂ ਸੀਸ ਝੁਕਾਵਾਂ ਉਸ ਨੂੰ, ਜੋ 'ਯੁਗ-ਪੁਰਸ਼' ਨਿਧਾਨ,
ਜੋ ਲੀਹਾਂ ਹੈ ਉਹ ਪਾ ਗਿਆ, ਮਨੁੱਖਤਾ ਲਈ ਵਰਦਾਨ,
ਇਕ ਪੂਰਨ, ਪੂਰਾ ਭਗਤ ਉਹ, ਸਿੱਖੀ ਦਾ ਮਾਣ ਤੇ ਤਾਣ,
ਸਦੀਵੀ ਜੋਤ ਜਗਾ ਗਿਆ, ਲੋ ਪਸਰੀ ਕੁਲ ਜਹਾਨ,
ਸਦ-ਸਦ ਪ੍ਰਣਾਮ ਹੈ ਉਸ ਨੂੰ, '**ਪੂਰਨ ਸਿੰਘ ਭਗਤ ਮਹਾਨ**'।

ਸੋਹਣ ਸਿੰਘ ਸ਼ਿਕਾਗੋ

-o-



## ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਸਹੀ ਇਮਾਰਤ ਸੀ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਤਰ੍ਹਾਂ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਪੂਰਨ ਸਿੰਘ ਜੀ ਇਕੱਲੇ ਹੀ ਇਸ ਸੇਵਾ ਦੇ ਕਠਨ ਰਾਹ 'ਤੇ ਚੱਲ ਪਏ, ਲੋਕ ਨਾਲ ਜੁੜਦੇ ਗਏ ਅਤੇ ਕਾਰਵਾਂ ਬਣਦਾ ਗਿਆ । ਉਨ੍ਹਾਂ ਦੇ ਕਦਮ ਚਿੰਨ੍ਹਾਂ 'ਤੇ ਚੱਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸਾਂ-ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ ।

**ਪਿੰਗਲਵਾੜਾ ਇਕ ਨਜ਼ਰ ...**

**ਨਿਵਾਸ ਅਤੇ ਸੰਭਾਲ** :-1807 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ-ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ, *ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ ।

**ਜਾਗਰੂਕਤਾ** :-* ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ ।

**ਵਾਤਾਵਰਨ** : -*ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ ।

## ਮੁਫ਼ਤ ਵਿਦਿਅਕ ਸਹੂਲਤਾਂ:

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ,ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ, ਫਿਰੋਜ਼ਪੁਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, (ਪਲਸੋਰਾ) ਚੰਡੀਗੜ੍ਹ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਪਿੰਡ ਕੱਕੋਂ, ਹੁਸ਼ਿਆਰਪੁਰ।

## ਨਿਵਾਸ ਅਤੇ ਸੰਭਾਲ :

ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿਖੇ *1807 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :

| ਬਿਮਾਰੀ ਨਾਲ ਗ੍ਰਸਤ | ਗਿਣਤੀ | ਬਿਮਾਰੀ ਨਾਲ ਗ੍ਰਸਤ | ਗਿਣਤੀ |
|---|---|---|---|
| ਮਾਨਸਿਕ ਰੋਗੀ | -365 | ਏਡਜ਼ ਵਾਲੇ | -19 |
| ਅਧਰੰਗ/ ਪੋਲੀਏ ਵਾਲੇ | -159 | ਮਿਰਗੀ ਵਾਲੇ | -198 |
| ਮੰਦ-ਬੁੱਧੀ ਵਾਲੇ | -454 | ਸ਼ੂਗਰ ਵਾਲੇ | -85 |
| ਗੂੰਗੇ ਬੋਲੇ | -168 | ਕੈਂਸਰ ਵਾਲੇ | -01 |
| ਬਜ਼ੁਰਗ | -143 | ਸਕੂਲ ਜਾਣ ਵਾਲੇ ਬੱਚੇ | -88 |
| ਜ਼ਖ਼ਮਾਂ ਵਾਲੇ | -30 | ਲਾਵਾਰਸ ਬੱਚੇ | -03 |
| ਟੀ.ਬੀ. ਵਾਲੇ | -20 | ਠੀਕ ਹੋ ਚੁੱਕੇ ਰੋਗੀ | -31 |
| ਨੇਤਰਹੀਣ | -43 | | |
| **31 ਮਾਰਚ 2019 ਤਕ ਕੁੱਲ ਗਿਣਤੀ** | | | **1807** |

*ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਗਏ/ਜਾਂਦੇ ਹਨ ।



## ਬ੍ਰਾਂਚਾਂ ਦਾ ਵੇਰਵਾ :

| ਬ੍ਰਾਂਚ | ਮਰੀਜ਼ |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 343 |
| 2. ਮਾਨਾਂਵਾਲਾ ਕੰਪਲੈਕਸ | 881 |
| 3. ਪੰਡੋਰੀ ਵੜੈਚ ਸ਼ਾਖਾ | 109 |
| 4. ਗੋਇੰਦਵਾਲ ਸ਼ਾਖਾ | 97 |
| 5. ਜਲੰਧਰ ਸ਼ਾਖਾ | 41 |
| 6. ਸੰਗਰੂਰ ਸ਼ਾਖਾ | 217 |
| 7. ਪਲਸੋਰਾ ਸ਼ਾਖਾ ਚੰਡੀਗੜ੍ਹ | 119 |
| **ਕੁੱਲ ਮਰੀਜ਼** | **1807** |

## ਇਲਾਜ ਅਤੇ ਸਹੂਲਤਾਂ :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ ਦੀਆਂ ਸੁਵਿਧਾਵਾਂ**:- ਰੋਗੀਆਂ ਦੇ ਇਲਾਜ ਲਈ ਪਿੰਗਲਵਾੜਾ ਵਿਖੇ ਇਕ ਮੈਡੀਕਲ ਲੈਬਾਰਟਰੀ ਅਤੇ ਡਿਸਪੈਂਸਰੀ ਦੀ ਸੁਵਿਧਾ ਹੈ ਜਿਸ ਦਾ ਖ਼ਰਚ 90 ਲੱਖ ਰੁਪਏ ਸਾਲਾਨਾ ਹੈ।

**(ਅ) ਸਹਾਇਕ ਸਟਾਫ਼** :- ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬਾਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

**(ੲ) ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੰਨ 2009 ਵਿੱਚ ਅਲਟਰਾ ਸਾਊਂਡ ਕੇਂਦਰ ਦੀ ਸਥਾਪਨਾ ਕੀਤੀ ਗਈ ।

**(ਸ) ਖ਼ੂਨਦਾਨ ਕੈਂਪ** :- ਦੁਰਘਟਨਾ ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਅਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਵਰ੍ਹੇ ਭਗਤ ਜੀ ਦੀ ਬਰਸੀ 'ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ। ਇਹ ਖ਼ੂਨ ਸੰਸਥਾ ਦੇ ਰੋਗੀਆਂ ਲਈ ਵਰਤਿਆ ਜਾਂਦਾ ਹੈ।

**(ਹ) ਬਣਾਵਟੀ ਅੰਗ ਕੇਂਦਰ** :- ਜ਼ਰੂਰਤਮੰਦ ਅੰਗਹੀਣਾਂ ਲਈ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਸਥਾਪਿਤ

ਕੀਤਾ ਗਿਆ ਹੈ, ਜਿੱਥੇ ਬਣਾਵਟੀ ਅੰਗ (ਜਿਵੇਂ ਲੱਤਾਂ ਤੇ ਬਾਹਵਾਂ) ਮੁਫ਼ਤ ਲਗਾਏ ਜਾਂਦੇ ਹਨ। ਨਵੰਬਰ 2003 ਤੋਂ ਹੁਣ ਤਕ 12411 ਲੋੜਵੰਦ ਲਾਭ ਉੱਠਾ ਚੁੱਕੇ ਹਨ ।

**(ਕ) ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸਾਂ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਭਦ ਰਹਿੰਦੀਆਂ ਹਨ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਵੀ ਤਿਆਰ ਰਹਿੰਦੀਆਂ ਹਨ ।

**(ਖ) ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲੀਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ ਬੱਚਿਆਂ ਦਾ ਸੁਣਨ ਦਾ ਟੈਸਟ (Bera Test) ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ।

**(ਗ) ਸਪੈਸ਼ਲ ਓਪਰੇਸ਼ਨ ਥਿਏਟਰ** :- ਮਾਨਾਂਵਾਲਾ ਕੰਪਲੈਕਸ ਵਿੱਚ ਇਕ ਆਧੁਨਿਕ ਓਪਰੇਸ਼ਨ ਥਿਏਟਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਹੱਡੀਆਂ ਦੀ ਜਨਰਲ ਸਰਜਰੀ, ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ, ਤਾਂ ਕਿ ਜਨਮ ਤੋਂ ਬਹਿਰੇ ਬੱਚਿਆਂ ਨੂੰ ਸੁਣਨ ਲੱਗ ਪਏ ਤੇ ਇਸ ਉਪਰੰਤ ਉਨ੍ਹਾਂ ਦਾ ਗੂੰਗਾਪਣ ਦੂਰ ਹੋ ਸਕੇ।

**(ਘ) ਦੰਦਾਂ ਦਾ ਕਲੀਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਲਈ ਦੰਦਾਂ ਦਾ ਕਲੀਨਿਕ ਵੀ ਸਥਾਪਿਤ ਕੀਤਾ ਗਿਆ ਹੈ।

**(ਙ) ਫਿਜ਼ਿਓਥਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦੀ ਫਿਜ਼ਿਓਥਰੈਪੀ ਕੀਤੀ ਜਾਂਦੀ ਹੈ।

**(ਚ) ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Room)** :- ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory Room ਸਥਾਪਿਤ ਕੀਤਾ ਗਿਆ ਹੈ।

**(ਛ) ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ



ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

**(ਜ) ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੇ ਮੁੜ ਵਸੇਬੇ (Rehabilitation) ਲਈ ਕੇਂਦਰ ਹੈ।

**(ਝ) ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਆਮ ਨਾਗਰਿਕਾਂ ਵਾਲਾ ਜੀਵਨ ਜਿਊਣ ਦੇ ਕਾਬਲ ਹੋਣ।

**ਮੁਫ਼ਤ ਵਿੱਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ** :-

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :- ਇੱਥੇ ਗ਼ਰੀਬ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋੜਵੰਦ ਅਤੇ ਝੁੱਗੀ-ਝੌਂਪੜੀ ਵਾਲੇ 768 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ 92 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਕਿੱਤਾ ਸਿਖਲਾਈ ਕੇਂਦਰ** :- ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ ਕੇਂਦਰ, ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚੱਲ ਰਹੇ ਹਨ। ਇਹ ਸਿਖਲਾਈ ਕੋਰਸ 6 ਮਹੀਨੇ ਦਾ ਹੁੰਦਾ ਹੈ। ਇਹ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਸਥਿਤ ਹੈ। ਮਾਨਾਂਵਾਲਾ ਦੇ ਆਸ-ਪਾਸ ਦੀਆਂ ਗ਼ਰੀਬ ਬੱਚੀਆਂ ਲਈ ਇਹ ਪ੍ਰਬੰਧ ਹੈ।

**(ੲ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :- ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 185 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :-ਪਿੰਗਲਵਾੜਾ ਦੇ 225 ਮੰਦਬੁੱਧੀ ਬੱਚਿਆਂ ਨੂੰ ਆਪਣੇ

ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

(ਹ) RCI ਦੇ ਅਧੀਨ

**ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼:**

(i) Diploma Special Education (Hearing Impairment) 25 ਸੀਟਾਂ।

(ii) Diploma Special Education (Mental Retardation) 25 ਸੀਟਾਂ।

**(ਕ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਅਟਾਰੀ, ਅੰਮ੍ਰਿਤਸਰ**:- ਇਸ ਵਿੱਚ 13 ਬੱਚੇ ਸਿੱਖਿਆ ਲੈ ਰਹੇ ਹਨ ।

**(ਖ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ** :- ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ-ਛਾਇਆ ਹੇਠ 437 ਬੱਚੇ ਮੁਫ਼ਤ ਵਿੱਦਿਆ ਪ੍ਰਾਪਤ ਕਰ ਰਹੇ ਹਨ।

**(ਗ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਬੁੱਟਰ ਕਲਾਂ ਕਾਦੀਆਂ ਗੁਰਦਾਸਪੁਰ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਘ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੌਰਾ, ਫਿਰੋਜ਼ਪੁਰ** :- ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ ਜਿਸ ਵਿੱਚ 17 ਬੱਚੇ ਸਿੱਖਿਆ ਲੈ ਰਹੇ ਹਨ ।

**(ਙ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਸਰਹਾਲੀ, ਤਰਨ ਤਾਰਨ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਚ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਲਸੋਰਾ, (ਚੰਡੀਗੜ੍ਹ)** :- ਇੱਥੇ 35 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਛ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਪਿੰਡ ਕੱਕੋਂ ਹੁਸ਼ਿਆਰਪੁਰ**:- ਇਸ ਵਿੱਚ 9 ਬੱਚੇ ਸਿੱਖਿਆ ਲੈ ਰਹੇ ਹਨ ।



**(ਜ) ਕੰਪਿਊਟਰ ਸਿੱਖਿਆ** :- ਸੂਚਨਾ ਅਤੇ ਟੈਕਨੋਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਝ) ਹੋਸਟਲ ਦਾ ਪ੍ਰਬੰਧ** :- ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 176 ਲੜਕੇ ਲੜਕੀਆਂ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**ਵਾਤਾਵਰਣ ਜਾਗਰੂਕਤਾ** :-

ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਲਈ ਬਹੁਤ ਚਿੰਤਤ ਰਹਿੰਦੇ ਸਨ। ਇਸ ਲਈ, ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ ਮਿੱਟੀ ਖੁਰਨ (Soil Erosion) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਹਰ ਸਾਲ ਭਗਤ ਜੀ ਦੀ ਬਰਸੀ (5 ਅਗਸਤ) ਦੇ ਮੌਕੇ 'ਤੇ ਸੰਸਥਾ ਦੇ ਸੇਵਾਦਾਰਾਂ ਵੱਲੋਂ ਰੁੱਖ ਲਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ। ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ ਘਾਟਾਂ ਅਤੇ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ।

**(ੳ) ਨਰਸਰੀ** :- ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ ਜਿਸ ਵਿੱਚ ਹਰ ਸਾਲ ਲਗਪਗ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ** :- ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜੇ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ ਹੈ। ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।

(ਹ) ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ (Water Harvesting)

(ਕ) ਸੋਲਰ ਪਾਵਰ ਊਰਜਾ

**ਪੂਰਨ ਪ੍ਰਿੰਟਿੰਗ ਪ੍ਰੈਸ** :- ਇਹ ਛਾਪਾਖ਼ਾਨਾ ਜੋ ਕਿ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ, ਦੁਆਰਾ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨਸਾਧਾਰਣ ਵਿੱਚ ਭਗਤ ਜੀ ਦੇ ਵੇਲੇ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ ਪੂਰਨ ਪ੍ਰਿੰਟਿੰਗ ਪ੍ਰੈਸ ਦਾ ਤੇ ਪਬਲੀਸਿਟੀ ਦਾ ਸਾਲਾਨਾ ਖ਼ਰਚਾ 1 ਕਰੋੜ 50 ਲੱਖ ਰੁਪਏ ਹੈ। ਦਾਨੀਆਂ ਦੇ ਸਹਿਯੋਗ ਨਾਲ ਚੱਲਦੇ ਇਸ ਪ੍ਰੈਸ ਦੀ ਸਮਾਜ ਨੂੰ ਬੜੀ ਵੱਡੀ ਦੇਣ ਹੈ।

**ਹੋਰ ਸਮਾਜ ਕਲਿਆਣ ਸੰਬੰਧੀ ਕਾਰਜ:-**

**(ੳ) ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ-ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਸੰਨ 2008 ਵਿੱਚ ਜੁਲਾਈ-ਅਗਸਤ ਵਿੱਚ ਪੰਜਾਬ ਵਿੱਚ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ ਹੜ੍ਹ-ਪੀੜਿਤ 800 ਪਰਿਵਾਰਾਂ ਨੂੰ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਵੰਡੇ। ਅਗਸਤ 2010 ਵਿੱਚ ਬੱਦਲ ਫੱਟਣ ਨਾਲ ਲੇਹ-ਲਦਾਖ ਵਿੱਚ ਆਏ ਹੜ੍ਹ ਦੇ ਪੀੜਿਤਾਂ ਲਈ ਡਾ. ਇੰਦਰਜੀਤ ਕੌਰ ਜੀ ਦੀ ਅਗਵਾਈ ਵਿੱਚ ਦੋ ਟਰੱਕ ਰਾਹਤ ਸਮੱਗਰੀ-ਰਾਸ਼ਨ, ਕੰਬਲ ਅਤੇ ਊਨੀ ਕੱਪੜੇ ਦੂਰ-ਦੁਰਾਡੇ ਲੇਹ ਦੇ ਇਲਾਕਿਆਂ ਵਿੱਚ ਵੰਡੇ ਗਏ ।

**(ਅ) ਲਾਵਾਰਸ ਲਾਸ਼ਾਂ ਦਾ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਿਮ ਸਸਕਾਰ ਪੂਰੇ ਸਤਿਕਾਰ ਨਾਲ ਕੀਤਾ ਜਾਂਦਾ ਹੈ।

**(ੲ) ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚਲ ਰਿਹਾ ਹੈ ਤੇ ਇਕ ਬਿਰਧ ਘਰ ਮਾਨਾਂਵਾਲਾ ਬ੍ਰਾਂਚ ਅੰਮ੍ਰਿਤਸਰ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।



**(ਸ) ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:-ਕਠਿਨ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਦੀ ਮੁੱਖ-ਬ੍ਰਾਂਚ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) Pingalwara-Home for Homeless

(iii) Pingalwara-A selfless Home (Documentry by Gurmeet Sodhi a famous American Media personality)

(iv) ਪਿੰਗਲਵਾੜਾ ਦਸਤਾਵੇਜੀ ਫ਼ਿਲਮ 'ਸ਼ੁਭ ਕਰਮਨ' ।

(v) Pingalwara Educational Endeavours

(vi) ਕੁਦਰਤੀ ਖੇਤੀ (Natural Farming)

(vii) ਪਾਣੀ ਦੀ ਸਮੱਸਿਆ

(viii) ਦਰਖ਼ਤ

(ix) **ਏਹੁ ਜਨਮ ਤੁਮ੍ਹਾਰੇ ਲੇਖੇ (ਫ਼ਿਲਮ)**:-ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ "ਏਹੁ ਜਨਮ ਤੁਮ੍ਹਾਰੇ ਲੇਖੇ" ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ ਜੋ 30 ਜਨਵਰੀ, 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਿਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ, ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

**(x) ਪਿੰਗਲਵਾੜਾ ਦੇ ਬੱਚਿਆਂ ਦੁਆਰਾ ਗੁਰਬਾਣੀ ਕੀਰਤਨ**:-ਇਨ੍ਹਾਂ ਬੱਚਿਆਂ ਦੁਆਰਾ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

**(xi) ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ "ਭਗਤ ਪੂਰਨ ਸਿੰਘ ਸਮਾਰਕ"

ਬਣਾਇਆ ਗਿਆ ਹੈ ਜਿਹੜਾ ਭਗਤ ਜੀ ਦੀ ਪਹਿਲੀ ਜਨਮ ਸ਼ਤਾਬਦੀ 4 ਜੂਨ 2004 ਨੂੰ ਸਮਰਪਿਤ ਹੈ।

**(xii) ਗਊਸ਼ਾਲਾ** :- ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਇਕ ਗਊਸ਼ਾਲਾ ਬਣਾਈ ਗਈ ਹੈ ਜੋ ਲਗਪਗ 165 ਦੁਧਾਰੂ ਪਸ਼ੂਆਂ ਦੀ ਦੇਖ ਰੇਖ ਕਰ ਰਹੀ ਹੈ। ਗਊਆਂ ਦਾ ਤਾਜ਼ਾ ਦੁੱਧ ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ।

## ਜ਼ਰੂਰੀ ਸੂਚਨਾ

1. ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰ: 130 ਆਫ਼ 1956-57 ਅਤੇ ਸੋਧ ਨੰ. A 28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ।

2. ਪਿੰਗਲਵਾੜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨਕਮ ਟੈਕਸ ਦੀ ਧਾਰਾ 80 ਜੀ ਅਨੁਸਾਰ ਇਨਕਮ ਟੈਕਸ II ਅੰਮ੍ਰਿਤਸਰ, ਪੱਤਰ ਨੰ. CIT-II/ASR/ITO (Tech.) 2011-12/4730 ਮਿਤੀ 11/12 ਜਨਵਰੀ, 2012 ਅਧੀਨ ਟੈਕਸ ਵਿੱਚ ਛੋਟ ਪ੍ਰਾਪਤ ਹੈ।

3. ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA 2237R ਹੈ। ਪਿੰਗਲਵਾੜਾ ਦਾ FCRA (Foreign contribution Regulation Act) ਰਜਿਸਟਰਾਰ ਨੰ. 115210002 ਹੈ।

4. ਪਿੰਗਲਵਾੜਾ ਸੰਸਥਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਉੱਪਰ ਹੈ, ਜੋ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਗਤ ਜੀ ਦੁਆਰਾ ਦਿੱਤੀ ਗਈ ਪ੍ਰੇਰਨਾ ਅਨੁਸਾਰ ਹੁੰਦਾ ਹੈ।

**ਵਾਹਿਗੁਰੂ ਜੀ ਦਾ ਖਾਲਸਾ ॥ ਵਾਹਿਗੁਰੂ ਜੀ ਦੀ ਫ਼ਤਹਿ ॥**

**ਡਾ: ਇੰਦਰਜੀਤ ਕੌਰ,**

ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।



**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**

(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | (FOR FOREIGN CONTRIBUTORS) | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | (FOR INLAND CONTRIBUTORS) | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |

| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |

| | | |
|---|---|---|
| **Pingalwara Charitable Society UK (UK Charity No. 1178004) 756 Bath Road, Cranford, Hounslow, Middlesex TW5 9TY UK Ph. (+44) 203 439 4440 Email: info@pingalwara.org.uk S. GURBAKHSH SINGH 63 PEACOCK STREET, GRAVESEND, KENT, DA12 1EG U.K. (PH. 01474-568574)** | **(IN CANADA) BIBI ABNASH KAUR KANG (Pingalwara Soceity of Ontario (Regd.) 124 Blackmere Cir, Brampton, ONT., L6W 4CI, Canada Ph: 905-450-9664, 416-674-3341 Email-abnash6@yahoo.com** | **(IN USA) JASWANT SAWHNEY CHARITABLE TRUST In Association with All India Pingawara Charitable Society (Regd.) 7713 Toburk CT, HANOVER, MD 21076-1643 U.S.A. BIBI JATINDER KAUR DUSAJ Ph. 410-551-8010 E-mail-kaurg 2004@yahoo.com** |



**ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ**

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ। ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ।"

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ